5

# ਟਾਰਗੈਟਿਡ ਗਰੁੱਪ

*ਮੁਕਾਬਲੇ ਦੀ ਦਹਿਸ਼ਤ*

ਅੱਤਵਾਦ ਦੇ ਸ਼ੁਰੂ ਵਿਚ ਇਸ ਨੂੰ ਪਿੰਡਾਂ ਤੋਂ ਬਹੁਤ ਜ਼ਿਆਦਾ ਸਮਰਥਨ ਮਿਲਿਆ ਜਿਸ ਤੋਂ ਸਰਕਾਰ ਬਹੁਤ ਚਿੰਤਤ ਹੋ ਗਈ। ਡੀ ਜੀ ਪੀ ਗਿੱਲ ਨੇ ਵੀ ਮੰਨਿਆਂ ਕਿ "ਇਸ ਕਿਸਮ ਦੀ ਹਿੰਸਾ ਬਹੁਤਾ ਚਿਰ ਨਹੀਂ ਰਹਿ ਸਕਦੀ ਜਦੋਂ ਤਕ ਲੋਕਾਂ ਦੀ ਭਾਰੀ ਗਿਣਤੀ ਇਸ ਵਿਚ ਵਿਸ਼ਵਾਸ ਨਾ ਕਰੇ, ਇਸ ਤਰ੍ਹਾਂ ਦਾ ਸਖਤ ਅੰਦੋਲਨ ਉਦੋਂ ਤਕ ਸੰਭਵ ਨਹੀਂ ਹੈ ਜਦੋਂ ਤਕ ਉਸ ਨੂੰ ਬਹੁ-ਗਿਣਤੀ ਦਾ ਹੁੰਗਾਰਾ ਨਾ ਮਿਲੇ।" (1994 ਵਿਚ ਪੀ ਐਚ ਡੀ ਚੈਂਬਰ ਆਫ ਕਾਮਰਸ ਨੂੰ ਦਿੱਤੇ ਭਾਸ਼ਣ ਵਿਚੋਂ ਲਿਆ ਗਿਆ।)

ਇਸ ਦਾ ਮੁਕਾਬਲਾ ਕਰਨ ਲਈ, ਸਰਕਾਰ ਨੇ ਪਹਿਲਾਂ ਸ਼ੱਕੀ ਅੱਤਵਾਦੀਆਂ ਅਤੇ ਉਨ੍ਹਾਂ ਦੇ ਹਮਦਰਦਾਂ ਨੂੰ ਪੁਲਿਸ ਦੇ ਜ਼ਬਰ ਰਾਹੀਂ ਦਬਾਉਣ ਦੀ ਕੋਸ਼ਿਸ਼ ਕੀਤੀ। ਇਸ ਚੀਜ਼ ਦਾ ਉਲਟ ਅਸਰ ਪਿਆ : ਅੱਤਵਾਦ ਨੂੰ ਖਤਮ ਕਰਨ ਦੀ ਬਜਾਏ ਇਸ ਨੇ ਹਮਦਰਦੀ ਦੀ ਵਜ੍ਹਾ ਕਰਕੇ ਆਪਣਾ ਆਧਾਰ ਵਧਾ ਲਿਆ। ਪੁਲਿਸ ਬਲ ਇਮਦਾਦ ਦੇ ਏਡੇ ਵੱਡੇ ਖੇਤਰ ਨੂੰ ਦਬਾਉਣ ਲਈ ਨਾ-ਕਾਫੀ ਸੀ।

ਇਹ ਉਦੋਂ ਹੋਇਆ ਜਦੋਂ ਪੁਲਿਸ ਨੇ ਖਾੜਕੂਆਂ ਦੇ ਭੇਸ ਵਿਚ ਚੌਕਸਾਂ ਨੂੰ ਵਰਤ ਕੇ ਅੱਤਵਾਦ ਦਾ ਮੁਕਾਬਲਾ ਕਰਨ ਦੀ ਤਰਕੀਬ ਨੂੰ ਵਿਚਾਰਨਾ ਸ਼ੁਰੂ ਕੀਤਾ। ਇਨ੍ਹਾਂ ਲੋਕਾਂ ਨੇ ਕਿਸੇ ਪਿੰਡ ਵਿਚ ਪਨਾਹ ਅਤੇ ਮਦਦ ਲੈਣ ਦੇ ਬਹਾਨੇ ਜਾਣਾ ਹੁੰਦਾ ਸੀ। ਜਿਹੜੇ ਉਨ੍ਹਾਂ ਦੀ ਮਦਦ ਕਰਦੇ ਉਨ੍ਹਾਂ ਨੂੰ ਖਾੜਕੂਆਂ ਦੇ ਪੱਕੇ ਮਦਦਗਾਰ ਸਮਝਿਆ ਜਾਂਦਾ ਸੀ। ਪਿੰਡੋਂ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਲੁੱਟ-ਮਾਰ ਅਤੇ ਆਤੰਕ ਫਿਲਾਉਣਾ ਹੁੰਦਾ ਸੀ ਜਿਸ ਤੋਂ ਪਿੰਡ ਵਾਲੇ ਉਨ੍ਹਾਂ ਦੇ ਨਿੱਜੀ ਤੌਰ ਤੇ ਖਿਲਾਫ ਹੋਣਗੇ ਅਤੇ ਇਸ ਤਰ੍ਹਾਂ ਆਮ ਕਰਕੇ ਖਾੜਕੂਆਂ ਵਿਰੁੱਧ ਰੋਸ ਦਾ ਬੀਜ ਬੀਜਿਆ ਜਾਵੇਗਾ।

ਪਿੰਡਾਂ ਵਾਲਿਆਂ ਨੂੰ ਇਸ ਚਾਲ ਦਾ ਬਹੁਤ ਚਿਰ ਬਾਅਦ ਪਤਾ ਲੱਗਾ। ਸਮੇਂ ਸਮੇਂ ਪੁਲਿਸ ਆਪਣੇ ਹੱਥ ਅਜ਼ਮਾਉਂਦੀ : ਪਿੰਡਾਂ ਵਾਲਿਆਂ ਨੇ ਮਨੁੱਖੀ ਅਧਿਕਾਰ ਕਾਰਜਕਰਤਾਵਾਂ ਨੂੰ ਦੱਸਿਆ ਕਿ ਉਹ (ਪੁਲਿਸ) ਕਿਸੇ ਆਦਮੀ ਜਾਂ ਆਦਮੀਆਂ ਦੇ ਗਰੁੱਪ ਨੂੰ ਭੇਜਦੀ ਅਤੇ ਉਹ ਪਿੰਡ ਦੇ ਵਿਚੋਂ ਦੀ ਲੰਘਦਾ ਅਤੇ ਉਸੇ ਦਿਨ ਸ਼ਾਮ ਨੂੰ ਪੁਲਿਸ ਉਥੇ ਆਉਂਦੀ, ਉਨ੍ਹਾਂ ਨੂੰ ਕਹਿੰਦੀ ਕਿ

ਉਨ੍ਹਾਂ ਨੇ ਅੱਤਵਾਦੀਆਂ ਨੂੰ ਖਾਣਾ ਆਦਿ ਦਿੱਤਾ ਹੈ ਅਤੇ ਕਹਿੰਦੀ ਕਿ ਇਹ ਇਸ ਗਲ ਦਾ ਕਾਫੀ ਸਬੂਤ ਹੈ ਕਿ ਉਨ੍ਹਾਂ ਨੇ ਅੱਤਵਾਦੀਆਂ ਨਾਲ ਹਮਦਰਦੀ ਹੈ। ਇਨ੍ਹਾਂ ਆਧਾਰ ਤੇ ਉਨ੍ਹਾਂ ਨੂੰ ਗਿਰਫਤਾਰ ਕਰ ਲਿਆ ਜਾਂਦਾ।

ਅਕਤੂਬਰ 1992 ਵਿਚ, ਮੂਵਮੈਂਟ ਅਗੇਂਸਟ ਸਟੇਟ ਰਿਪਰੈਸ਼ਨ ਨੇ ਉਨ੍ਹਾਂ ਕਈ ਢੰਗਾਂ ਜਿਨ੍ਹਾਂ ਰਾਹੀਂ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ, ਬਾਰੇ ਪ੍ਰਧਾਨ ਮੰਤਰੀ ਨੂੰ ਲਿਖਿਆ। ਹੋਰਨਾਂ ਗੱਲਾਂ ਦੇ ਨਾਲ-ਨਾਲ ਐਮ ਏ ਐਸ ਆਰ ਨੇ ਸੰਕੇਤ ਦਿੱਤਾ :

"ਓਪਰੇਸ਼ਨ ਬਲਿਊਸਟਾਰ ਤੋਂ ਕੁਝ ਚਿਰ ਪਹਿਲਾਂ ਪੰਜਾਬ ਦੇ ਗਵਾਂਢੀ ਰਾਜਾਂ ਵਿਚ ਪੰਜਾਬ ਦੀ ਹੱਦ ਤੇ ਕੈਂਪਾਂ ਵਿਚ ਚੌਕਸ ਗੁੱਟਾਂ ਨੂੰ ਸਿਖਲਾਈ ਦੇਣ ਦੀਆਂ ਅਫਵਾਹਾਂ ਸਨ। ਸਿਖਿਆਰਥੀਆਂ ਨੂੰ ਸਿੱਖਾਂ ਵਰਗਾ ਰੂਪ ਧਾਰਨ ਕਰਨ ਅਤੇ ਸਿੱਖ ਧਰਮ ਅਤੇ ਸਭਿਆਚਾਰ ਵਿਚ ਰਚ ਮਿਚ ਜਾਣ ਲਈ ਕਿਹਾ ਗਿਆ ਸੀ ਤਾਂ ਕਿ ਉਹ "ਸਿੱਖ" ਲੱਗ ਸਕਣ। ਬਾਅਦ ਵਿਚ ਅਜਿਹੇ ਲੋਕਾਂ ਨੂੰ ਕਮਾਂਡੋ ਦੇ ਰੂਪ ਵਿਚ ਪੁਲਿਸ ਟ੍ਰੇਨਿੰਗ ਸਕੂਲ, ਫਿਲੌਰ ਅਤੇ ਬਹਾਦਰਗੜ੍ਹ ਕਿਲੇ (ਪਟਿਆਲਾ) ਵਿਚ ਖੁਲ੍ਹੇ-ਆਮ ਸਿਖਲਾਈ ਦਿੱਤੀ ਗਈ। ਉਹ ਸਾਰੇ ਦਾੜ੍ਹੀਆਂ ਰੱਖਦੇ ਅਤੇ ਵਿਵਹਾਰਕ ਮੰਤਵਾਂ ਲਈ ਸਿੱਖਾਂ ਵਜੋਂ ਵਰਤੇ ਜਾਂਦੇ ਸਨ। ਉਨ੍ਹਾਂ ਵਿਚੋਂ ਕਈਆਂ ਨਾਲ ਕੌਮੀ ਅਖਬਾਰਾਂ ਦੇ ਪੱਤਰਕਾਰਾਂ ਨੇ ਇੰਟਰਵਿਊਜ਼ ਕੀਤੀਆਂ। "ਇਹ ਭਾਰਤ ਦੇ ਆਪਣੇ ਲੋਕਾਂ ਨਾਲ ਧੋਖਾਦੇਹੀ ਦੀ ਕਾਰਵਾਈ ਹੈ। ਇਨ੍ਹਾਂ ਗਰੁੱਪਾਂ ਨੇ ਇਨ੍ਹਾਂ ਅਫਵਾਹਾਂ ਨੂੰ ਸਹਾਰਾ ਦਿੱਤਾ ਕਿ ਪੰਜਾਬ ਵਿਚ ਗੈਰ-ਕਾਨੂੰਨੀ ਦੀ ਵਿਵਸਥਾ ਤੇ ਪੁਲਿਸ ਦੁਆਰਾ ਕਾਬੂ ਪਾਇਆ ਜਾ ਰਿਹਾ ਹੈ। ਬਹੁਤ ਸਾਰੇ ਕੇਸਾਂ ਵਿਚ ਜਿਥੇ ਪਿੰਡ ਵਾਲਿਆਂ ਨੇ ਇਨ੍ਹਾਂ ਨਕਲੀ ਬਦਮਾਸ਼ਾਂ ਨੂੰ ਪਕੜਿਆ, ਉਹ ਖਾੜਕੂਆਂ ਦੇ ਰੂਪ ਵਿਚ ਪੁਲਿਸ ਵਾਲੇ ਨਿਕਲੇ। ਇਸ ਬਾਰੇ ਵੀ ਅਖਬਾਰਾਂ ਨੇ ਬਹੁਤ ਖਬਰਾਂ ਛਾਪੀਆਂ।"

ਪੁਲਿਸ ਖਾੜਕੂਆਂ ਨੂੰ ਬਦਨਾਮ ਕਰਨ ਲਈ ਇਸ ਕਿਸਮ ਦੇ ਜੁਰਮ ਉਨ੍ਹਾਂ ਸਿਰ ਮੜ੍ਹਨ ਦੀ ਕੋਸ਼ਿਸ਼ ਵਿਚ ਪਿੰਡਾਂ ਨੂੰ ਅਸਥਿਰ ਕਰਨ ਅਤੇ ਲੁੱਟਣ ਲਈ ਅਜਿਹੇ ਚੌਕਸ ਗੁੱਟਾਂ ਨੂੰ ਵਰਤ ਰਹੀ ਹੈ। ਪਿੰਡ ਵਾਲਿਆਂ ਦੁਆਰਾ ਉਨ੍ਹਾਂ ਦੀ ਆਪਣੀ ਸਵੈ-ਇੱਛਕ ਤਾਕਤ ਰਾਹੀਂ ਅਜਿਹੇ ਬਹੁਤ ਸਾਰੇ ਤੱਤਵਾਂ ਨੂੰ ਪਕੜਿਆ ਗਿਆ ਹੈ, ਪਰੰਤੂ ਅਜਿਹੇ ਸਾਰਿਆਂ ਨੂੰ ਪੁਲਿਸ ਨੇ ਰਿਹਾ ਕਰ ਦਿੱਤਾ ਹੈ। ਬਲਕਿ ਪਿੰਡ ਵਾਲਿਆਂ ਦੁਆਰਾ ਉਨ੍ਹਾਂ ਵਿਚੋਂ ਖਾੜਕੂਆਂ ਦੇ ਰੂਪ ਵਿਚ ਪੁਲਿਸ ਅਫਸਰਾਂ ਦੀ ਪਹਿਚਾਣ ਕੀਤੀ ਗਈ ਹੈ। ਕੁਝ ਕੇਸਾਂ ਵਿਚ ਬਾਹਰਲੇ ਨੀਮ ਫੌਜੀ ਦਲਾਂ ਦੇ ਜਵਾਨ ਵੀ ਚਿੱਟ ਕਪੜਿਆਂ ਵਿਚ ਫੜੇ ਗਏ ਹਨ ਕਿਉਂਕਿ ਉਹ ਹਿੰਦੀ ਵਿਚ ਗੱਲਾਂ ਕਰਦੇ ਸੁਣੇ ਗਏ ਹਨ।

*ਸ਼ੱਕੀ ਖਾੜਕੂ / ਖਾੜਕੂਆਂ ਦੇ ਹਮਦਰਦ*

ਸ਼ੱਕੀ ਖਾੜਕੂਆਂ ਅਤੇ ਖਾੜਕੂਆਂ ਦੇ ਹਮਦਰਦਾਂ ਤੇ ਤਸ਼ੱਦਦ ਕੀਤਾ

ਗਿਆ ਕਿਉਂਕਿ ਸ਼ੱਕ ਅਦਾਲਤ ਵਿਚ ਬਹੁਤ ਘੱਟ ਸਾਬਤ ਹੁੰਦਾ ਹੈ ਅਤੇ ਹਮਦਰਦੀ ਇਕ ਇਹੋ ਜਿਹਾ ਵਤੀਰਾ ਹੈ ਜਿਸ ਨੂੰ ਜੁਰਮ ਨਹੀਂ ਮੰਨਿਆ ਜਾਂਦਾ ਇਸੇ ਕਰਕੇ ਪੁਲਿਸ ਨੇ ਗੈਰ-ਨਿਆਂਇਕ ਸਜ਼ਾਵਾਂ ਦਿੱਤੀਆਂ। ਸ਼ੱਕੀ ਖਾੜਕੂਆਂ ਨਾਲ ਹਮਦਰਦੀ ਕਰਨ ਵਾਲੇ ਵਿਅਕਤੀ ਨੂੰ ਤਸੀਹੇ ਝੱਲਣ, ਮਾਰ ਦੇਣ ਅਤੇ ਲਾਪਤਾ ਕਰ ਦਿੱਤੇ ਜਾਣ ਦਾ ਭਾਰੀ ਖਤਰਾ ਸੀ।

ਬਲਜੀਤ ਸਿੰਘ ਅਤੇ ਹਰਜੀਤ ਸਿੰਘ ਦਾ ਕੇਸ : ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਬਣਨਾ ਆਪਣੇ ਨੂੰ ਖਤਰੇ ਵਿਚ ਪਾਉਣਾ ਸੀ। ਪਿੰਡ ਸਲਾਣਾ, ਜ਼ਿਲ੍ਹਾ ਪਟਿਆਲਾ ਦੇ ਕ੍ਰਿਸ਼ਨ ਸਿੰਘ ਦਾ ਲੜਕਾ ਬਲਜੀਤ ਸਿੰਘ ਇੰਡਸਟ੍ਰੀਅਲ ਟ੍ਰੇਨਿੰਗ ਇੰਸਟੀਚਿਊਟ, ਸਮਰਾਲਾ, ਜ਼ਿਲ੍ਹਾ ਲੁਧਿਆਣਾ ਦਾ ਵਿਦਿਆਰਥੀ ਸੀ ਅਤੇ ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਯੂਨਿਟ ਦਾ ਸਕੱਤਰ ਸੀ। ਖੰਨਾ ਥਾਣੇ ਦੇ ਐਸ ਐਚ ਓ ਨੇ ਜਾਂਚ ਕਰ ਰਹੀ ਟੀਮ ਪੀ ਐਚ ਆਰ ਓ ਨੂੰ ਦੱਸਿਆ ਕਿ ਉਸ ਦਾ ਨਾਂ "ਕੱਟੜ ਅੱਤਵਾਦੀਆਂ ਦੀ ਸੂਚੀ ਵਿਚ ਨਹੀਂ ਹੈ।" ਉਹ ਉਸ ਦੇ ਵਿਰੁੱਧ ਕੋਈ ਵਿਸ਼ੇਸ਼ ਕੇਸ ਦਾ ਹਵਾਲਾ ਨਹੀਂ ਦੇ ਸਕਦਾ ਪਰੰਤੂ ਉਸ ਨੇ ਦੋਸ਼ ਲਗਾਇਆ ਕਿ ਉਸ ਨੇ ਪੈਸੇ ਬਟੋਰੇ ਹਨ।

ਜਦੋਂ ਪੀ ਐਚ ਆਰ ਓ ਪਿੰਡ ਸਲਾਣਾ ਵਿਚ ਉਸ ਦੇ ਪਿਤਾ ਨੂੰ ਮਿਲੀ ਤਾਂ ਉਨ੍ਹਾਂ ਨੇ ਦੇਖਿਆ ਕਿ ਉਹ ਅਤਿ ਦੀ ਗਰੀਬੀ ਵਿਚ ਇਕ ਅਧ-ਪਚੱਧੇ ਪੱਕੇ ਮਕਾਨ ਵਿਚ ਰਹਿ ਰਿਹਾ ਸੀ ਅਤੇ ਆਪਣੇ ਪਰਿਵਾਰ ਦੇ ਸੱਤ ਮੈਂਬਰਾਂ ਦਾ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦਾ ਸੀ। ਅਮਲੋਹ ਪੁਲਿਸ ਨੇ ਮਈ, 1990 ਦੇ ਅਖੀਰਲੇ ਹਫਤੇ ਬਲਜੀਤ ਸਿੰਘ ਨੂੰ ਬਿਨਾ ਕਾਰਨ ਦੱਸੇ ਲੱਭਣ ਲਈ ਉਸ ਦੇ ਘਰ ਛਾਪਾ ਮਾਰਿਆ ਪਰੰਤੂ ਉਹ ਉਥੇ ਨਹੀਂ ਸੀ।

14 ਜੂਨ, 1990 ਨੂੰ ਬਲਜੀਤ ਸਿੰਘ ਪਿੰਡ ਘਰਕਾਨਾ, ਜ਼ਿਲ੍ਹਾ ਲੁਧਿਆਣਾ ਦੇ ਦੀਦਾਰ ਸਿੰਘ ਦੇ ਪੁੱਤਰ ਹਰਪਾਲ ਸਿੰਘ ਮਾਨ ਦੇ ਸਕੂਟਰ ਪਿੱਛੇ ਬੈਠਾ ਸੀ। ਹਰਪਾਲ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਲੁਧਿਆਣਾ ਯੂਨਿਟ ਦਾ ਜਨਰਲ ਸੈਕਟਰੀ ਸੀ। ਅਸਲਾ ਐਕਟ, ਟੀ ਡੀ ਪੀ ਐਕਟ ਆਦਿ ਅਧੀਨ ਉਸ ਵਿਰੁੱਧ ਕਈ ਕੇਸ ਪੈਂਡਿੰਗ ਸਨ ਅਤੇ ਉਹ ਜ਼ਮਾਨਤ ਤੇ ਰਿਹਾ ਸੀ ਪਰੰਤੂ ਪੁਲਿਸ ਤੋਂ ਲੁਕ ਛਿਪ ਕੇ ਰਹਿ ਰਿਹਾ ਸੀ।

ਕੋਈ 6.45 ਵਜੇ ਸ਼ਾਮ ਨੂੰ ਹਰਪਾਲ ਅਤੇ ਬਲਜੀਤ ਪਿੰਡ ਟੱਲੀਆਂ ਤੋਂ ਪਿੰਡ ਘਰਕਾਨਾ ਨੂੰ ਆ ਰਹੇ ਸਨ। ਜਿਉਂ ਹੀ ਉਹ ਪਿੰਡ ਕੋਟਲਾ ਲੰਘੇ ਤਾਂ ਉਨ੍ਹਾਂ ਨੇ ਖੰਨੇ ਨੂੰ ਜਾਂਦੀ ਸੜਕ ਤੇ ਪਿੰਡ ਤੋਂ ਆ ਰਹੀ ਇਕ ਜੀਪ ਦੇਖੀ ਜਿਸ ਵਿਚ ਪੰਜ ਪੁਲਸੀਏ ਬੈਠੇ ਸਨ। ਪੁਲਿਸ ਨੇ ਉਨ੍ਹਾਂ ਨੂੰ ਪਿੰਡ 'ਚੋਂ ਲੰਘਦਿਆਂ ਦੇਖਿਆ ਅਤੇ ਉਨ੍ਹਾਂ ਦਾ ਪਿੱਛਾ ਕੀਤਾ। ਸਕੂਲ ਬਿਲਡਿੰਗ ਦੇ ਨੇੜੇ ਪੱਕੀ ਸੜਕ ਤੇ ਪਹੁੰਚਣ ਤੇ ਉਨ੍ਹਾਂ ਦਾ ਸਕੂਟਰ ਤਿਲਕ ਗਿਆ ਅਤੇ ਉਹ ਹੇਠਾਂ ਡਿੱਗ ਪਏ। ਉਹ ਕਮਾਦ ਦੇ ਖੇਤਾਂ ਵਲ ਭੱਜ ਨਿਕਲੇ। ਪੁਲਿਸ ਨੇ ਗੋਲੀ

ਚਲਾਈ ਅਤੇ ਹਰਪਾਲ ਦੇ ਪੱਟ ਵਿਚ ਵਜੀ। ਬਲਜੀਤ ਖੜੋ ਗਿਆ, ਆਤਮ-ਸਮਰਪਣ ਕਰਨ ਲਈ ਹਥ ਖੜ੍ਹੇ ਕੀਤੇ ਅਤੇ ਪਿੱਛੇ ਮੁੜ ਪਿਆ। ਇਹ ਸਭ ਕੁਝ ਬੰਤ ਸਿੰਘ ਦੇ ਟਿਊਬਵੈਲ ਦੇ ਨੇੜੇ ਵਾਪਰਿਆ; ਉਹ ਉਦੋਂ ਉਥੇ ਸੀ ਅਤੇ ਉਸ ਨੇ ਇਹ ਸਾਰਾ ਕੁਝ ਦੇਖਿਆ।

ਕੋਟਲਾ ਪਿੰਡ ਦੇ ਸਰਪੰਚ ਸਮੇਤ 14 ਵਿਅਕਤੀਆਂ ਨੇ ਗੋਲੀਆਂ ਦੀ ਅਵਾਜ਼ ਸੁਣੀ ਅਤੇ ਉਹ ਉਸ ਥਾਂ ਤੇ ਵਾਕਿਆ ਦੇਖਣ ਲਈ ਗਏ। ਉਨ੍ਹਾਂ ਦੇਖਿਆ ਕਿ ਹਰਪਾਲ ਸਕੂਲ ਦੇ ਨੇੜੇ ਇੱਟਾਂ ਦੇ ਥੜ੍ਹੇ ਤੇ ਬੈਠਾ ਸੀ ਅਤੇ ਬਲਜੀਤ ਦੇ ਹੱਥ ਪਿੱਛੇ ਬੰਨੇ ਹੋਏ ਸਨ। ਮਲ ਸਿੰਘ, ਜਿਹੜਾ ਸਕੂਟਰ ਤੇ ਉਥੋਂ ਦੀ ਲੰਘ ਰਿਹਾ ਸੀ, ਵੀ ਉਥੇ ਰੁਕਿਆ ਅਤੇ ਉਸਨੇ ਦੋਹਾਂ ਲੜਕਿਆਂ ਨੂੰ ਪੁਲਿਸ ਦੀ ਹਿਰਾਸਤ ਵਿਚ ਦੇਖਿਆ। ਪੁਲਿਸ ਨੇ ਹਰ ਇਕ ਨੂੰ ਉਥੋਂ ਚਲੇ ਜਾਣ ਦਾ ਹੁਕਮ ਦਿੱਤਾ। ਕੋਈ 8.30 ਵਜੇ ਰਾਤ ਨੂੰ ਪਿੰਡ ਵਾਲਿਆਂ ਨੇ ਗੋਲੀਆਂ ਦੀਆਂ ਅਵਾਜ਼ਾਂ ਸੁਣੀਆਂ ਜਿਹੜੀਆਂ ਕਈ ਮਿੰਟ ਸੁਣਦੀਆਂ ਰਹੀਆਂ।

ਮਈ 15 ਦੀ ਸਵੇਰ ਨੂੰ ਪਿੰਡ ਵਾਲੇ ਸਕੂਲ ਵਿਚ ਆਏ ਅਤੇ ਦੇਖਿਆ ਕਿ ਸਕੂਲ ਦੀ ਗਰਾਊਂਡ ਖ਼ੂਨ ਨਾਲ ਲਥਪੱਥ ਸੀ। ਖੰਨਾ ਪੁਲਿਸ ਦੇ ਐਸ ਐਚ ਓ ਆਰ.ਐਸ. ਭੁੱਲਰ ਨੇ ਮਾਪਿਆਂ ਨੂੰ ਲਾਸ਼ਾਂ ਦੇਣ ਤੋਂ ਨਾਂਹ ਕਰ ਦਿੱਤੀ ਪਰੰਤੂ ਉਦੋਂ ਦੇਖਣ ਦੀ ਆਗਿਆ ਦੇ ਦਿੱਤੀ ਜਦੋਂ ਲਾਸ਼ਾਂ ਨੂੰ ਚਿਖਾ ਤੇ ਰੱਖ ਦਿੱਤਾ ਗਿਆ ਸੀ। ਬਲਜੀਤ ਦੇ ਪਿਤਾ ਨੇ ਦੇਖਿਆ ਕਿ ਉਸ ਦੇ ਪੁੱਤਰ ਦੀਆਂ ਪਸਲੀਆਂ ਤੇ ਗੋਲੀਆਂ ਦੇ ਨਿਸ਼ਾਨ ਸਨ, ਚਿਹਰਾ ਬੁਰੀ ਤਰ੍ਹਾਂ ਵਿਗੜਿਆ ਹੋਇਆ ਸੀ ਅਤੇ ਨੱਕ, ਕੰਨਾਂ ਅਤੇ ਅੱਖਾਂ ਵਿਚੋਂ ਖ਼ੂਨ ਵਗ ਰਿਹਾ ਸੀ ਅਤੇ ਪੈਰਾਂ ਦੀਆਂ ਤਲੀਆਂ ਸੜੀਆਂ ਹੋਈਆਂ ਸਨ। ਹਰਪਾਲ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ ਅਤੇ ਉਸ ਦੇ ਪੱਟ ਅਤੇ ਸਿਰ ਵਿਚ ਗੋਲੀਆਂ ਦੇ ਜ਼ਖ਼ਮ ਸਨ।

ਪੁਲਿਸ ਦੇ ਰਿਕਾਰਡ (ਐਫ ਆਈ ਆਰ ਅਤੇ ਡੀ ਡੀ ਆਰ-21) ਤੋਂ ਪਤਾ ਲੱਗਾ ਕਿ ਪੁਲਿਸ ਨੇ ਸਵੈ-ਰੱਖਿਆ ਲਈ ਗੋਲੀ ਚਲਾਈ ਸੀ ਅਤੇ ਉਨ੍ਹਾਂ ਪਾਸੋਂ 32 ਕੈਲੀਬਰ ਰਿਵਾਲਵਰ ਅਤੇ ਗੋਲੀ-ਸਿੱਕਾ ਬਰਾਮਦ ਕੀਤਾ ਸੀ। ਐਸ.ਐਚ.ਓ. ਆਰ.ਐਸ. ਭੁੱਲਰ ਨੇ ਪੀ ਐਚ ਆਰ ਓ ਦੀ ਟੀਮ ਨੂੰ ਦੱਸਿਆ ਕਿ ਹਰਪਾਲ ਸਿੰਘ ਨੇ ਆਪਣੇ ਆਪ ਨੂੰ ਘੇਰੇ ਜਾਣ ਤੋਂ ਪਹਿਲਾਂ ਆਪਣੇ ਪੱਟ ਵਿਚ ਅਤੇ ਫਿਰ ਨੱਕ ਤੇ ਗੋਲੀ ਮਾਰੀ।

*ਅਸੁਰੱਖਿਅਤ ਵਰਗ:* ਖਾੜਕੂਆਂ ਦੇ ਰਿਸ਼ਤੇਦਾਰ

ਖਾੜਕੂਆਂ ਦੇ ਰਿਸ਼ਤੇਦਾਰਾਂ ਨੂੰ ਆਪਣੀਆਂ ਜਾਨਾਂ ਦਾ ਹਮੇਸ਼ਾਂ ਖ਼ਤਰਾ ਰਹਿੰਦਾ ਸੀ। ਇਨ੍ਹਾਂ ਲੋਕਾਂ ਨੂੰ ਅਕਸਰ ਚੁੱਕ ਲਿਆ ਜਾਂਦਾ ਸੀ ਅਤੇ ਖਾੜਕੂਆਂ ਬਾਰੇ ਸੂਹ ਲੈਣ ਲਈ ਬਹੁਤ ਬੁਰੀ ਤਰ੍ਹਾਂ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ। ਜੇਕਰ ਉਹ ਮਰ ਜਾਂਦੇ ਤਾਂ ਉਨ੍ਹਾਂ ਦੀਆਂ ਲਾਸ਼ਾਂ ਨੂੰ ਗੁਪਤ ਤੌਰ ਤੇ ਨਿਪਟਾ ਦਿੱਤਾ

ਜਾਂਦਾ ਸੀ ਜਾਂ ਇਸ ਤਰ੍ਹਾਂ ਦਿਖਾ ਦਿੱਤਾ ਜਾਂਦਾ ਸੀ ਜਿਵੇਂ ਉਹ ਮੁਕਾਬਲਿਆਂ ਵਿਚ ਮਾਰੇ ਗਏ ਅੱਤਵਾਦੀ ਹੋਣ। ਜਦੋਂ ਖ਼ੂਨ ਬਦਲੇ ਖ਼ੂਨ ਲੈਣ ਦੀ ਯੁੱਧ-ਨੀਤੀ ਨੇ ਕਾਨੂੰਨ ਨੂੰ ਲਾਗੂ ਕਰਨ ਦੀ ਥਾਂ ਲੈ ਲਈ, ਤਾਂ ਪੁਲਿਸ ਵਾਲਿਆਂ ਨੇ ਖਾੜਕੂਆਂ ਦੇ ਰਿਸ਼ਤੇਦਾਰਾਂ ਨੂੰ ਮਾਰਨ ਦੀ ਇਕ ਆਮ ਪ੍ਰਥਾ ਵਜੋਂ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਅਗਰ ਖਾੜਕੂ ਕਿਸੇ ਸੁਰੱਖਿਆ ਕਰਮਚਾਰੀ ਨੂੰ ਮਾਰਦੇ ਤਾਂ ਪੁਲਿਸ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਮਾਰ ਦਿੰਦੀ। ਭੈਅ ਦਾ ਵਾਤਾਵਰਣ ਪੈਦਾ ਕਰਨ ਲਈ, ਇਥੇ ਕਈ ਕੇਸ ਸਾਹਮਣੇ ਆਏ ਜਿਥੇ ਖਾੜਕੂਆਂ ਦੇ ਪਰਿਵਾਰ ਖ਼ਤਮ ਕਰ ਦਿੱਤੇ ਗਏ।

ਲੇਕਿਨ ਇਸ ਕਿਸਮ ਦਾ ਇਕ ਬਹੁਤ ਮਹੱਤਵ ਵਾਲਾ ਕੇਸ ਬਲਵਿੰਦਰ ਸਿੰਘ ਜਟਾਣੇ ਦਾ ਹੈ। ਇਸ ਕੇਸ ਵਿਚ ਕੇਵਲ ਖਾੜਕੂ ਦੇ ਪਰਿਵਾਰ ਨੂੰ ਖ਼ਤਮ ਕਰਨਾ ਹੀ ਸ਼ਾਮਲ ਨਹੀਂ ਸੀ ਬਲਕਿ "ਬਦਲੇ ਦੀ ਭਾਵਨਾ" ਨਾਲ ਪੁਲਸੀਆਂ ਦੇ ਪਰਿਵਾਰਾਂ ਨੂੰ ਮਾਰਨ ਦੀ ਇਕ ਸੁਨਹਿਰੀ ਚਾਲ ਚਲਾਈ ਗਈ। 1991 ਤਕ, ਪੰਜਾਬ ਪੁਲਿਸ ਨੇ ਕੇਂਦਰ ਦੇ ਪੈਂਤੜੇਬਾਜਾਂ ਨੂੰ ਨਿਰਾਸ਼ ਕੀਤਾ ਸੀ : ਜਦੋਂ ਨਿਹੱਥੇ ਪੇਂਡੂਆਂ ਨੂੰ ਭੈਭੀਤ ਕਰਨਾ ਸ਼ੁਰੂ ਕੀਤਾ ਤਾਂ ਉਹ ਇਸ ਕੰਮ ਲਈ ਤਿਆਰ ਸਨ ਪਰੰਤੂ ਜਦੋਂ ਖਾੜਕੂਆਂ ਨੇ ਉਨ੍ਹਾਂ ਨਾਲ ਦੁਸ਼ਮਨੀ ਕੱਢਣੀ ਸ਼ੁਰੂ ਕਰ ਦਿੱਤੀ ਤਾਂ ਉਨ੍ਹਾਂ ਨੇ ਆਪਣਾ ਰੁੱਖ ਬਦਲ ਲਿਆ। ਪੁਲਿਸ ਨੂੰ ਪ੍ਰੇਰਿਤ ਕਰਨ ਦਾ ਕੋਈ ਰਸਤਾ ਢੂੰਢਣਾ ਪੈਣਾ ਸੀ। ਪੁਲਿਸ ਵਾਲਿਆਂ ਦੇ ਪਰਿਵਾਰਾਂ ਨੂੰ ਮਾਰਨਾ ਇਸ ਚੀਜ਼ ਨੂੰ ਸਿਰੇ ਚੜ੍ਹਾਉਣ ਦਾ ਸਭ ਤੋਂ ਵਧੀਆ ਢੰਗ ਸਮਝਿਆ ਗਿਆ। ਇਸ ਕਾਰਵਾਈ ਵਿਚ ਉਹ ਸਫਲ ਹੋਏ।

ਬਲਵਿੰਦਰ ਸਿੰਘ ਜਟਾਣਾ ਦੇ ਰਿਸ਼ਤੇਦਾਰਾਂ ਨਾਲ ਜੋ ਵਾਪਰਿਆ ਉਸ ਤੋਂ ਇੰਜ ਪਤਾ ਲਗਦਾ ਹੈ :

29 ਅਗਸਤ, 1991 ਨੂੰ ਚੰਡੀਗੜ੍ਹ ਸੰਘ ਖੇਤਰ ਦੇ ਐਸ ਐਸ ਪੀ ਸੁਮੇਧ ਸਿੰਘ ਸੈਣੀ ਸ਼ਹਿਰ ਦੇ ਐਨ ਵਿਚਕਾਰ ਆਪਣੇ ਦਫਤਰ ਤੋਂ ਕੁਝ ਇਕ ਫਰਲਾਂਗ ਦੀ ਦੂਰੀ ਅੰਦਰ ਇਕ ਬੰਬ ਹਮਲੇ ਵਿਚ ਮਰਨ ਤੋਂ ਵਾਲ-ਵਾਲ ਬਚ ਗਏ। ਸ਼ੱਕ ਬੱਬਰ ਖਾਲਸਾ ਖਾੜਕੂ ਬਲਵਿੰਦਰ ਸਿੰਘ ਤੇ ਪੈ ਗਿਆ ਜਿਹੜਾ ਰੋਪੜ ਜ਼ਿਲ੍ਹੇ ਵਿਚ ਪਿੰਡ ਜਟਾਣਾ ਦਾ ਰਹਿਣ ਵਾਲਾ ਸੀ। (ਬਾਅਦ ਵਿਚ ਪਤਾ ਲੱਗਾ ਕਿ ਇਸ ਧਮਾਕੇ ਲਈ ਖਾਲਿਸਤਾਨ ਲਿਬਰੇਸ਼ਨ ਫੋਰਸ ਜ਼ਿੰਮੇਵਾਰ ਸੀ।)

ਅਗਲੀ ਹੀ ਰਾਤ (30 ਅਗਸਤ), ਕੋਈ ਅੱਠ ਜਾਂ ਨੌਂ ਵਿਅਕਤੀ ਬਿਨਾਂ ਨੰਬਰ ਪਲੇਟਾਂ ਵਾਲੀਆਂ ਜੀਪਾਂ ਵਿਚ ਪਿੰਡ ਜਟਾਣਾ ਗਏ ਅਤੇ ਬਲਵਿੰਦਰ ਸਿੰਘ ਦੇ 95 ਸਾਲਾ ਦਾਦੇ, ਮਾਮੀ, ਉਸ ਦੀ ਜਵਾਨ ਧੀ ਅਤੇ ਪੋਲੀਓ-ਗ੍ਰਸਤ ਉਸ ਦੇ ਇਕ ਚਚੇਰੇ ਭਰਾ ਨੂੰ ਮਾਰ ਦਿੱਤਾ। ਉਨ੍ਹਾਂ ਨੇ ਲਾਸ਼ਾਂ ਨੂੰ ਅੱਗ ਲਗਾ ਦਿੱਤੀ ਅਤੇ ਚਲੇ ਗਏ। ਰੋਪੜ ਪੁਲਿਸ ਨੇ ਪਹਿਲਾਂ ਇਨ੍ਹਾਂ ਕਤਲ ਕੀਤੇ ਗਏ ਵਿਅਕਤੀਆਂ ਨੂੰ "ਕੁਝ ਅਣਪਛਾਤੇ ਖਾੜਕੂ" ਦੱਸਿਆ।

ਜਟਾਣਾ ਕੇਸ ਗੁੰਝਲਦਾਰ ਹੈ ਅਤੇ ਇਕ ਅੱਤਵਾਦੀਆਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣ ਤੋਂ ਵੀ ਵੱਡੀ ਉਦਾਹਰਣ ਪੇਸ਼ ਕਰਦਾ ਹੈ। ਅਸੀਂ ਇਸ ਭਾਗ ਵੱਲ ਬਾਅਦ ਵਿਚ ਆਵਾਂਗੇ ਜਦੋਂ ਅਸੀਂ ਵਿਉਂਤਬੰਦ ਹੱਤਿਆਵਾਂ ਤੇ ਵਿਚਾਰ ਕਰਾਂਗੇ।

*"ਵਿਉਂਤਬੰਦ ਹੱਤਿਆਵਾਂ"*

ਜਟਾਣੇ ਦੀ ਮੌਤ ਨੇ ਖਾੜਕੂਆਂ ਲਈ ਪੁਲਿਸ ਦੀ ਸੋਚਣੀ ਵਿਚ ਇਕ ਨਵਾਂ ਮੋੜ ਲਿਆਂਦਾ ਅਤੇ ਇਕ ਹੋਰ ਮੌਤ, ਉਹ ਸੀ ਆਲ ਇੰਡੀਆ ਰੇਡੀਓ ਦੇ ਜੂਨੀਅਰ ਇੰਜੀਨੀਅਰ ਮੋਹਨ ਲਾਲ ਮਨਚੰਦਾ ਦੀ, ਨੇ ਖਾੜਕੂਆਂ ਪ੍ਰਤਿ ਜਨਤਾ ਦੇ ਵਤੀਰੇ ਵਿਚ ਮੋੜ ਲਿਆਂਦਾ। ਇਹ "ਵਿਉਂਤਬੰਦ ਹੱਤਿਆਵਾਂ" ਦੀਆਂ ਉਦਾਹਰਣਾਂ ਹਨ ਜਿਨ੍ਹਾਂ ਵਿਚ ਪੁਲਿਸ ਨੇ ਅਤਿ ਦੀ ਧੋਖੇਬਾਜ਼ੀ ਕੀਤੀ।

ਜਟਾਣਾ ਪਿੰਡ ਦੀਆਂ ਹੱਤਿਆਵਾਂ ਨੇ ਪੁਲਿਸ ਵਿਚ ਮਤਭੇਦਾਂ ਨੂੰ ਸਾਹਮਣੇ ਲਿਆਂਦਾ। ਜਿਵੇਂ ਅਸੀਂ ਪਹਿਲਾਂ ਕਹਿ ਚੁਕੇ ਹਾਂ, ਉਹ ਵਿਅਕਤੀ ਜਿਨ੍ਹਾਂ ਨੇ ਜਟਾਣਾ ਪਰਿਵਾਰ ਨੂੰ ਮਾਰਿਆ ਉਹ ਜ਼ਰੂਰ ਚੰਡੀਗੜ੍ਹ ਪੁਲਿਸ ਦੇ ਮੁੱਖੀ ਐਸ.ਐਸ.ਪੀ. ਸੈਣੀ ਦੇ ਬੰਦੇ ਹੋਣਗੇ।

ਯੂਨੀਅਨ ਟੈਰੀਟਰੀ, ਚੰਡੀਗੜ੍ਹ ਦੇ ਐਸ.ਐਸ.ਪੀ. ਸੈਣੀ ਅਤੇ ਰੋਪੜ ਜ਼ਿਲ੍ਹੇ (ਪੰਜਾਬ) ਦੇ ਐਸ.ਐਸ.ਪੀ. ਮੁਹੰਮਦ ਮੁਸਤਫਾ ਵਿਚਕਾਰ ਆਪਸ ਵਿਚ ਸਬੰਧ ਕੁਝ ਸਮੇਂ ਤੋਂ ਅੱਛੇ ਨਹੀਂ ਸਨ। ਮੁਸਤਫਾ ਨੇ ਪੰਜਾਬ ਡੀ.ਜੀ.ਪੀ., ਡੀ.ਐਸ. ਮਾਂਗਟ ਨੂੰ ਸੈਣੀ ਵਿਰੁੱਧ ਸ਼ਿਕਾਇਤ ਕਰਦਿਆਂ ਦੋ ਪੱਤਰ ਲਿਖੇ। ਮੁਸਤਫਾ ਨੇ ਦੋਸ਼ ਲਗਾਇਆ ਕਿ ਸੈਣੀ ਨੇ ਸੁਹਾਣਾ ਪਿੰਡ ਵਿਖੇ ਆਪਣੇ ਹੀ ਫਾਰਮ ਹਾਊਸ ਨੂੰ ਅੱਗ ਲਗਾ ਕੇ ਇਸ ਦਾ ਦੋਸ਼ ਅੱਤਵਾਦੀਆਂ ਤੇ ਮੜ੍ਹ ਦਿੱਤਾ ਸੀ ਕਿ ਆਪਣੀ ਹਿਰਾਸਤ ਵਿਚ ਰੱਖੇ ਮੁਹਾਲੀ ਦੇ ਪਰਮਿੰਦਰ ਸਿੰਘ ਨੂੰ ਮਾਰਿਆ ਸੀ ਅਤੇ ਲਾਸ਼ ਰੋਪੜ ਜ਼ਿਲ੍ਹੇ ਵਿਚ ਸੁੱਟ ਦਿੱਤੀ ਸੀ ਅਤੇ ਉਹ ਚਾਹੁੰਦਾ ਸੀ ਕਿ ਮੁਸਤਫਾ ਐਲਾਨ ਕਰੇ ਕਿ ਰੋਪੜ ਪੁਲਿਸ ਨੇ ਉਸ ਆਦਮੀ ਨੂੰ ਮਾਰਿਆ ਹੈ ਜਿਹੜਾ ਯੂ.ਟੀ. ਵਿਚ ਮਲੋਆ ਵਿਖੇ ਇਕ ਹੋਮ ਗਾਰਡ ਨੂੰ ਬੁਰੀ ਤਰ੍ਹਾਂ ਗੋਲੀਆਂ ਮਾਰ ਕੇ ਦੌੜ ਰਿਹਾ ਸੀ; ਅਤੇ ਇਹ ਵੀ ਕਿ ਸੈਣੀ ਨੇ ਬਲਵਿੰਦਰ ਸਿੰਘ ਦੇ ਪਰਿਵਾਰ ਨੂੰ ਖ਼ਤਮ ਕਰਨ ਦਾ ਹੁਕਮ ਦਿੱਤਾ ਸੀ।

ਬਾਅਦ ਵਿਚ, ਪੰਜਾਬ ਪੁਲਿਸ ਦੇ ਡੀ.ਜੀ.ਪੀ., ਡੀ.ਐਸ. ਮਾਂਗਟ ਨੇ ਪੱਤਰਕਾਰਾਂ ਨੂੰ ਦੱਸਿਆ : "ਘੱਟੋ-ਘੱਟ ਪੰਜਾਬ ਪੁਲਿਸ ਦਾ ਇਸ ਪਿੱਛੇ ਕੋਈ ਹੱਥ ਨਹੀਂ ਸੀ"। ਉਸ ਦੀ ਟਿੱਪਣੀ ਨੇ ਇਸ ਬਾਰੇ ਕੀਤੇ ਜਾਂਦੇ ਖੁਲ੍ਹੇ-ਆਮ ਸ਼ੱਕ ਨੂੰ ਬਲ ਦਿੱਤਾ ਕਿ ਚੰਡੀਗੜ੍ਹ ਵਿਖੇ ਸਥਾਪਤ ਨਿਹੰਗ ਸਿੰਘਾਂ ਦੀ ਤਰਨਾ ਦਲ ਬ੍ਰਾਂਚ, ਜਿਸ ਦੀ ਅਗਵਾਈ ਅਜੀਤ ਸਿੰਘ ਪੂਹਲਾ ਕਰ ਰਹੇ ਸਨ, ਇਸ ਦੁਖਾਂਤ ਲਈ ਜ਼ਿੰਮੇਵਾਰ ਹੈ। ਇਹ ਕਿਹਾ ਗਿਆ ਸੀ ਕਿ ਸੈਣੀ ਦੀਆਂ ਹਦਾਇਤਾਂ ਤੇ ਪੁਲਿਸ ਨੇ ਇਸ ਗਰੁੱਪ ਨੂੰ ਇਹ ਕਾਰਜ ਕਰਨ ਲਈ ਅਸਲਾ,

ਗੱਡੀਆਂ ਅਤੇ ਹੋਰ ਸੁਰੱਖਿਆ ਦਿੱਤੀ।"

ਪਰੰਤੂ ਕੀ ਮਾਂਗਟ ਦੀ ਟਿੱਪਣੀ ਲਾਹਪਰਵਾਹੀ ਵਾਲੀ ਨਹੀਂ ਸੀ ਕਿ ਪੁਲਿਸ ਬਹੁਤ ਦੂਰ-ਦ੍ਰਿਸ਼ਟੀ ਦੀ ਭਾਵਨਾ ਵਿਚ ਸਚਮੁਚ ਇਸ ਕਾਰਜ ਦੇ ਪਿੱਛੇ ਸੀ? ਮੁਸਤਫਾ ਨੇ ਪੁਲਿਸ ਮੁੱਖੀ ਨੂੰ ਚਿਤਾਵਨੀ ਦਿੱਤੀ ਕਿ ਖਾੜਕੂ ਇਸ ਘਟੀਆ ਕੁਕਰਮ ਦੇ ਜਵਾਬ ਵਿਚ ਪੁਲਿਸ ਵਾਲਿਆਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣਗੇ ਅਤੇ ਉਸ ਨੇ ਪੁਲਿਸ ਦੇ ਮੁੱਖੀ ਨੂੰ ਅਜਿਹੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਤਿਆਰ ਰਹਿਣ ਲਈ ਪੁਲਿਸ ਨੂੰ ਹਦਾਇਤਾਂ ਕਰਨ ਲਈ ਕਿਹਾ।

ਬਾਅਦ ਦੀਆਂ ਘਟਨਾਵਾਂ ਨੇ ਮੁਸਤਫਾ ਦੀ ਇਸ ਚਿਤਾਵਨੀ ਨੂੰ ਸਹੀ ਠਹਿਰਾਇਆ : 7 ਸਤੰਬਰ (ਜਿਸ ਦਿਨ ਮੁਸਤਫਾ ਨੇ ਦੂਜਾ ਪੱਤਰ ਲਿਖਿਆ ਸੀ) ਤੋਂ ਲੈ ਕੇ 30 ਦਿਨਾਂ ਦੇ ਅੰਦਰ-ਅੰਦਰ ਖਾੜਕੂਆਂ ਨੇ ਪੁਲਿਸ ਵਾਲਿਆਂ ਦੇ 79 ਰਿਸ਼ਤੇਦਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸੀਨੀਅਰ ਪੁਲਿਸ ਅਫਸਰਾਂ ਨੇ ਉਨ੍ਹਾਂ ਪੱਤਰਾਂ ਅਤੇ ਚਿਤਾਵਨੀ ਨੂੰ ਅਣਗੌਲਿਆਂ ਕਰ ਦਿੱਤਾ। ਇਹ ਸ਼ੱਕ ਕੀਤਾ ਜਾਂਦਾ ਹੈ ਕਿ ਪੁਲਿਸ ਨੇ ਕੁਝ ਪੁਲਿਸ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਖ਼ੁਦ ਖ਼ਤਮ ਕੀਤਾ ਹੈ ਜਿਸ ਤੋਂ ਪੁਲਿਸ ਨੂੰ ਖਾੜਕੂਆਂ ਨਾਲ ਜੂਝਣ ਲਈ ਪ੍ਰੇਰਿਆ ਗਿਆ।

ਅਗਲੇ ਕੁਝ ਮਹੀਨਿਆਂ ਵਿਚ ਪੁਲਿਸ ਵਾਲਿਆਂ ਦੇ ਕਈ ਪਰਿਵਾਰ ਖ਼ਤਮ ਕਰ ਦਿੱਤੇ। ਦਰਅਸਲ ਇਨ੍ਹਾਂ "ਹੱਤਿਆਵਾਂ" ਦੀ ਲਹਿਰ ਏਨੀ ਵੱਧ ਗਈ ਕਿ ਖਾੜਕੂ ਗਰੁੱਪਾਂ ਨੇ ਧਮਕੀ ਦੇਣ ਵਾਲੇ ਬਿਆਨ ਵੀ ਦੇਣੇ ਸ਼ੁਰੂ ਕਰ ਦਿੱਤੇ। ਅਕਤੂਬਰ 4, 1991 ਨੂੰ ਛਪੀ ਪੀ.ਟੀ.ਆਈ. ਦੀ ਇਕ ਵਾਰਤਾ ਤੋਂ ਪਤਾ ਲਗਦਾ ਹੈ :

"ਬੱਬਰ ਖਾਲਸਾ ਇੰਟਰਨੈਸ਼ਨਲ ਨੇ ਸ਼ੁੱਕਰਵਾਰ ਨੂੰ ਪਿਛਲੇ ਕੁਝ ਦਿਨਾਂ ਦੌਰਾਨ ਪੁਲਿਸ ਕਰਮਚਾਰੀਆਂ ਦੀਆਂ ਔਰਤਾਂ, ਬੱਚਿਆਂ ਅਤੇ ਬਜ਼ੁਰਗ ਰਿਸ਼ਤੇਦਾਰਾਂ ਸਮੇਤ ਭੋਲੇ-ਭਾਲੇ ਪਰਿਵਾਰਕ ਮੈਂਬਰਾਂ ਨੂੰ ਬੇਰਹਿਮੀ ਨਾਲ ਮਾਰਨ ਦੀ ਨਿੰਦਾ ਕੀਤੀ। ਸ਼ੁੱਕਰਵਾਰ ਨੂੰ ਭਾਈ ਸੁਖਦੇਵ ਸਿੰਘ ਬੱਬਰ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ ਕੇ ਆਈ) ਦੇ ਮੁੱਖੀ ਨੇ ਇਕ ਬਿਆਨ ਵਿਚ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਇਸ ਕਿਸਮ ਦੀਆਂ ਹੱਤਿਆਵਾਂ ਦੇ ਬਿਲਕੁਲ ਬਰਖਲਾਫ ਹੈ। ਸਾਡੀ ਦੁਸ਼ਮਣੀ ਉਨ੍ਹਾਂ ਪੁਲਸੀਆਂ ਦੇ ਨਾਲ ਹੈ, ਖ਼ਾਸ ਕਰਕੇ ਉਨ੍ਹਾਂ ਪੁਲਿਸ ਅਫਸਰਾਂ, ਜਿਹੜੇ ਖਾਲਿਸਤਾਨ ਦਾ ਨਿਸ਼ਾਨਾ ਪ੍ਰਾਪਤ ਕਰਨ ਵਿਚ ਅੜਿੱਕੇ ਡਾਹ ਰਹੇ ਹਨ ਅਤੇ ਅਜਿਹੇ ਪੁਲਿਸ ਕਰਮਚਾਰੀਆਂ ਦੇ ਪਰਿਵਾਰਾਂ ਵਿਰੁੱਧ ਸਾਡੀ ਕੋਈ ਲੜਾਈ ਨਹੀਂ ਹੈ।

"ਭਾਈ ਸੁਖਦੇਵ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਹੱਤਿਆਵਾਂ, ਪੁਲਿਸ ਵਾਲਿਆਂ ਦੇ ਘਰਾਂ ਨੂੰ ਅੱਗਾਂ ਲਗਾਉਣ ਅਤੇ ਉਨ੍ਹਾਂ ਦੇ ਬੱਚਿਆਂ ਦੇ ਅਪਹਰਣ ਦੀਆਂ ਵਾਰਦਾਤਾਂ ਨੇ ਸਿੱਖ ਸੰਗਤਾਂ ਦੀਆਂ ਨਜ਼ਰਾਂ ਵਿਚ ਖਾੜਕੂਆਂ

ਦੀ ਜੱਦੋ-ਜਹਿਦ ਅਤੇ ਸ਼ੋਹਰਤ ਨੂੰ ਧੱਕਾ ਲਗਾਇਆ ਹੈ। ਉਸ ਨੇ ਝੂਠੇ ਮੁਕਾਬਲਿਆਂ ਵਿਚ ਭੋਲੇ-ਭਾਲੇ ਸਿੱਖ ਨੌਜਵਾਨਾਂ ਨੂੰ ਮਾਰਨ ਅਤੇ ਉਨ੍ਹਾਂ ਦੇ ਪਰਵਿਾਰਾਂ ਦੇ ਮੈਂਬਰਾਂ ਤੇ ਜ਼ੁਲਮ ਢਾਉਣ ਵਾਲੇ ਪੁਲਿਸ ਅਫਸਰਾਂ ਨੂੰ ਇਹ ਸਭ ਕੁਝ ਇਕ ਦਮ ਬੰਦ ਕਰਨ ਦੀ ਚਿਤਾਵਨੀ ਦਿੱਤੀ।"

ਕੇਵਲ ਬਲਵਿੰਦਰ ਸਿੰਘ ਜਟਾਣਾ ਹੀ ਸੈਣੀ ਤੇ ਹਮਲਾ ਕਰਨ ਦਾ ਸ਼ੱਕੀ ਆਦਮੀ ਨਹੀਂ ਸਮਝਿਆ ਗਿਆ। ਬਲਵੰਤ ਸਿੰਘ ਮੁਲਤਾਨੀ ਇਕ ਆਈ.ਏ.ਐਸ. ਅਫਸਰ ਡੀ.ਐਸ.ਮੁਲਤਾਨੀ ਦੇ ਪੁੱਤਰ ਤੇ ਵੀ ਇਹ ਦੋਸ਼ ਲਗਾਇਆ ਗਿਆ ਅਤੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਨੇ ਦਾਅਵਾ ਕੀਤਾ ਕਿ ਉਸਨੇ ਇਕਬਾਲ ਕੀਤਾ ਹੈ ਅਤੇ ਇਕ ਪਰਤਾਪ ਸਿੰਘ ਮਾਨ ਅਤੇ ਉਸਦੀ ਪਤਨੀ ਗੁਰਸ਼ਰਨ ਕੌਰ ਨੂੰ ਇਸ ਵਿਚ ਫਸਾ ਲਿਆ। ਇਹ ਤਿੰਨੇ ਮੁਹਾਲੀ ਦੇ ਰਹਿਣ ਵਾਲੇ ਸਨ। ਕੁਝ ਦਿਨਾਂ ਅੰਦਰ ਹੀ ਮੁਲਤਾਨੀ ਗਾਇਬ ਹੋ ਗਿਆ। ਪ੍ਰੇਸ਼ਾਨ ਹੋਏ ਪਰਿਵਾਰ ਨੇ ਕਿਸੇ ਅਜਿਹੇ ਵਿਅਕਤੀ ਦੀ ਭਾਲ ਕਰਨੀ ਸ਼ੁਰੂ ਕੀਤੀ ਜਿਹੜਾ ਉਨ੍ਹਾਂ ਦਾ ਕੇਸ ਕਿਸੇ ਵੱਡੇ ਅਫਸਰ ਪਾਸ ਲਗਵਾ ਦੇਵੇ ਅਤੇ ਉਮੀਦ ਕੀਤੀ ਕਿ ਉਹ ਅਥਾਰਟੀ ਬਹੁਤ ਅਸਰਦਾਇਕ ਹੋਵੇ। ਉਸ ਸਮੇਂ ਬੀ.ਐਸ. ਸਰਾਓ ਨੇ ਚੰਡੀਗੜ੍ਹ ਯੂ.ਟੀ. ਦੇ ਚੀਫ਼ ਕਮਿਸ਼ਨਰ ਦਾ ਅਹੁਦਾ ਅਜੇ ਛੱਡਿਆ ਹੀ ਸੀ। ਸਰਾਓ ਵੀ ਕੇ.ਪੀ.ਐਸ ਗਿੱਲ ਦੀ ਤਰ੍ਹਾਂ ਆਸਾਮ ਕਾਡਰ ਦਾ ਅਫਸਰ ਸੀ ਅਤੇ ਗਿੱਲ ਦਾ ਨੇੜੇ ਦਾ ਮਿੱਤਰ ਵੀ ਸੀ। ਸਰਾਓ ਐਮ ਏ ਐਸ ਆਰ ਦੇ ਕਨਵੀਨਰ ਦਾ ਵੀ ਪੁਰਾਣਾ ਦੋਸਤ ਸੀ ਜਿਸ ਨੂੰ ਮੁਲਤਾਨੀ ਪਰਿਵਾਰ ਨੇ ਮਦਦ ਲਈ ਪਹੁੰਚ ਕੀਤੀ। ਪਹਿਲੇ ਦਿਨ ਜਦੋਂ ਇਸ ਮਾਮਲੇ ਬਾਰੇ ਸਰਾਓ ਨੂੰ ਦੱਸਿਆ ਗਿਆ, ਤਾਂ ਉਸ ਨੇ ਗਿੱਲ ਨਾਲ ਗਲਬਾਤ ਕੀਤੀ ਅਤੇ ਉਸ ਦਾ ਰਵੱਈਆ ਹਮਦਰਦੀ-ਪੂਰਣ ਸੀ। ਗਿੱਲ ਨੇ ਇਸ ਮਾਮਲੇ ਨੂੰ ਤੁਰਤ ਨਿਪਟਾ ਦੇਣ ਦਾ ਵਾਅਦਾ ਕੀਤਾ। ਜਾਪਦਾ ਹੈ ਕਿ ਗਿੱਲ ਨੂੰ ਪਹਿਲੇ ਦਿਨ ਇਹ ਪਤਾ ਨਹੀਂ ਸੀ ਕਿ ਮੁਲਤਾਨੀ ਦਾ ਲੜਕਾ ਮਾਰ ਦਿੱਤਾ ਗਿਆ ਹੈ। ਪਰੰਤੂ ਉਸ ਤੋਂ ਪੰਜ ਦਿਨਾਂ ਤਕ ਗਿੱਲ ਨਾਲ ਕੋਈ ਕਮਿਊਨੀਕੇਸ਼ਨ ਨਾ ਹੋ ਸਕੀ। ਸਰਾਓ ਦਿੱਲੀ ਵਾਪਸ ਚਲਾ ਗਿਆ।

ਡੀ.ਐਸ. ਮੁਲਤਾਨੀ ਡੀ ਜੀ ਪੀ ਕੇ.ਪੀ.ਐਸ. ਗਿੱਲ ਨੂੰ ਮਿਲਿਆ ਅਤੇ ਉਸਨੇ ਮੁਲਤਾਨੀ ਨੂੰ ਐਸ ਐਸ ਪੀ ਸੁਮੇਧ ਸਿੰਘ ਸੈਣੀ ਨੂੰ ਮਿਲਣ ਲਈ ਕਿਹਾ ... ਅਤੇ ਇਥੇ ਹੀ ਮਾਮਲਾ ਖ਼ਤਮ ਹੋ ਗਿਆ। ਜਦੋਂ ਸੈਣੀ ਨੂੰ ਬਲਵੰਤ ਨੂੰ ਵਾਪਸ ਲਿਆਉਣ ਲਈ ਕਿਹਾ, ਉਸ ਨੇ ਉਸਦੇ ਪਿਤਾ ਨੂੰ ਕਿਹਾ : "ਕਿ ਮੈਂ ਉਸਨੂੰ ਹੁਣ ਕਿਥੋਂ ਲੈ ਆਵਾਂ?" ਬਾਅਦ ਵਿਚ, ਪੁਲਿਸ ਨੇ ਕਿਹਾ ਕਿ ਬਲਵੰਤ ਸਿੰਘ "ਜਦੋਂ ਉਸਨੂੰ ਗੁਰਦਾਸਪੁਰ ਨੂੰ ਲਿਜਾਇਆ ਜਾ ਰਿਹਾ ਸੀ, ਭੱਜ ਨਿਕਲਿਆ ਸੀ।"

ਬਿਲਕੁਲ ਉਸੇ ਤਰ੍ਹਾਂ ਜਿਵੇਂ ਜਟਾਣੇ ਦੀ ਮੌਤ ਨਾਲ ਖਾੜਕੂਆਂ ਲਈ ਪੁਲਿਸ ਦੇ ਰਵੱਈਏ ਵਿਚ ਇਕ ਮੋੜ ਆਇਆ ਅਤੇ ਆਲ ਇੰਡੀਆ ਰੇਡੀਓ

ਦੇ ਜੂਨੀਅਰ ਇੰਜੀਨੀਅਰ ਮੋਹਨ ਲਾਲ ਮਨਚੰਦਾ ਦੀ ਇਕ ਹੋਰ ਮੌਤ ਨਾਲ ਖਾੜਕੂਆਂ ਪ੍ਰਤਿ ਜਨਤਾ ਦੇ ਵਤੀਰੇ ਵਿਚ ਇਕ ਮੋੜ ਆ ਗਿਆ।

26 ਮਈ, 1992 ਨੂੰ ਮਨਚੰਦਾ ਦੀ ਲਾਸ਼ ਅੰਬਾਲੇ ਨੇੜਿਓਂ ਮਿਲੀ। ਉਸ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ ਗਿਆ ਸੀ। ਅਮਰੀਕ ਸਿੰਘ ਕੌਲੀ ਦੀ ਅਗਵਾਈ ਹੇਠ ਇਕ ਗਰੁੱਪ, ਜੋ ਆਪਣੇ ਆਪ ਨੂੰ ਬੱਬਰ ਖਾਲਸਾ ਇੰਟਰਨੈਸ਼ਨਲ ਕਹਿ ਰਿਹਾ ਸੀ, ਇਸ ਘਟਨਾ ਲਈ ਜ਼ਿੰਮੇਵਾਰ ਸੀ। ਇਹ ਖ਼ਤਰਨਾਕ ਨਾਟਕ ਮਈ ਵਿਚ ਸ਼ੁਰੂ ਹੋਇਆ। .... ਜਦੋਂ ਮਨਚੰਦੇ ਨੂੰ ਪਟਿਆਲੇ ਵਿਚੋਂ ਉਸਦੇ ਘਰੋਂ ਚੁੱਕ ਲਿਆ ਸੀ। ਬੱਬਰ ਖਾਲਸਾ ਨੇ ਪੰਜਾਬੀ ਵਿਚ ਵੱਧ ਤੋਂ ਵੱਧ ਪ੍ਰੋਗਰਾਮ ਅਤੇ ਖਬਰਾਂ ਦੇਣ ਦੀ ਮੰਗ ਕਰਦਿਆਂ ਇਕ ਨੋਟ ਜਾਰੀ ਕੀਤਾ ਸੀ ਅਤੇ ਐਲਾਨ ਕੀਤਾ ਕਿ ਉਹ ਮਨਚੰਦੇ ਨੂੰ ਮਾਰ ਦੇਣਗੇ ਅਗਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ।

ਉਸ ਸਮੇਂ ਜਦੋਂ ਮਨਚੰਦੇ ਨੂੰ ਚੁਕਿਆ ਗਿਆ ਸੀ, ਬੱਬਰ ਖਾਲਸਾ ਅਤੇ ਕੇਂਦਰ ਸਰਕਾਰ ਦੋਹਾਂ ਨੂੰ ਕਿਸੇ ਸਮਝੌਤੇ ਤੇ ਪਹੁੰਚਣ ਲਈ ਕਈ ਅਪੀਲਾਂ ਕੀਤੀਆਂ ਗਈਆਂ ਸਨ ਤਾਂ ਕਿ ਮਨਚੰਦੇ ਦੀ ਜ਼ਿੰਦਗੀ ਬਚਾਈ ਜਾ ਸਕੇ। ਇਹ ਅਪੀਲਾਂ ਨਾ ਕੇਵਲ ਮਨੁੱਖੀ ਅਧਿਕਾਰ ਗਰੁੱਪਾਂ, ਬਲਕਿ ਸਿੱਖ ਸੰਗਠਨਾਂ ਵਲੋਂ ਵੀ ਆਈਆਂ ਅਤੇ ਦੂਜੇ ਖਾੜਕੂ ਗੁੱਟਾਂ ਵਲੋਂ ਵੀ ਅਪੀਲਾਂ ਕੀਤੀਆਂ ਗਈਆਂ।

ਮਈ 23 ਨੂੰ ਪੰਜਾਬ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਪ੍ਰਤਿਨਿਧਾਂ ਨੇ ਮੁੱਖ ਸਕੱਤਰ, ਏ.ਐਸ.ਚੱਠਾ ਨੂੰ ਕੋਈ ਸਮਝੌਤਾ ਕਰਨ ਲਈ ਮਿਲਣ ਦੀ ਨਾਕਾਮ ਕੋਸ਼ਿਸ਼ ਕੀਤੀ ਪਰੰਤੂ ਮੁੱਖ ਸਕੱਤਰ ਉਨ੍ਹਾਂ ਨੂੰ ਟਾਲ ਗਿਆ। ਉਹ ਉਨ੍ਹਾਂ ਨੂੰ 24 ਅਤੇ 25 ਮਈ ਤਕ ਟਾਲਦਾ ਰਿਹਾ। 26 ਮਈ ਨੂੰ ਇਸ ਗੱਲ ਦਾ ਭੋਗ ਪੈ ਗਿਆ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਸਰਕਾਰ ਮਨਚੰਦੇ ਦੀ ਜਾਣ ਬਚਾਉਣ ਲਈ ਚਾਹਵਾਨ ਨਹੀਂ ਸੀ।

ਪਰੰਤੂ ਮਨਚੰਦੇ ਦੀ ਮੌਤ ਇਸ ਡਰਾਮੇ ਦੀ ਅੰਤਮ ਕਾਰਵਾਈ ਨਹੀਂ ਸੀ, ਅਮਰੀਕ ਸਿੰਘ ਕੌਲੀ ਲਈ ਅੰਤਿਮ ਦ੍ਰਿਸ਼ "ਮੈਨਹੰਟ" ਦੀ ਬਹੁਤ ਇਸ਼ਤਿਹਾਰਬਾਜ਼ੀ ਕੀਤੀ ਗਈ। ਕੋਈ ਵੀ ਵਿਅਕਤੀ ਜਿਸ ਨੇ ਕਤਲ ਕੀਤਾ ਹੋਵੇ, ਆਮ ਤੌਰ ਤੇ ਨੱਠਣ ਦੀ ਕੋਸ਼ਿਸ਼ ਕਰੇਗਾ ਪਰੰਤੂ ਕੌਲੀ ਦਾ ਬਿਲਕੁਲ ਅੰਬਾਲੇ ਦੇ ਨੇੜੇ ਕਿਸੇ ਥਾਂ ਤੇ ਅੰਤ ਹੋਇਆ। ਪ੍ਰੋਵਿੰਸ਼ਿਅਲ ਸਿਵਲ ਸਰਵਿਸ ਆਫਿਸਰਜ਼ ਐਸੋਸਿਏਸ਼ਨ ਨੇ ਆਪਣੇ ਮਿਤੀ 26 ਅਗਸਤ, 1993 ਨੂੰ ਰਾਜਪਾਲ ਨੂੰ ਪੇਸ਼ ਕੀਤੇ ਯਾਦ-ਪੱਤਰ ਵਿਚ ਸੰਕੇਤ ਦਿੱਤਾ ਕਿ ਕੌਲੀ ਦੇ ਪੁਲਿਸ ਨਾਲ ਨੇੜੇ ਦੇ ਸਬੰਧ ਸਨ।

[ਨੋਟ: ਯਾਦ-ਪੱਤਰ ਵਿਚ ਕਿਹਾ ਗਿਆ : "ਕਿ ਇਹ ਜਾਣਿਆਂ ਪਹਿਚਾਣਿਆਂ ਤੱਥ ਹੈ ਕਿ ਪਟਿਆਲਾ ਪੁਲਿਸ ਦੇ ਅਮਰੀਕ ਸਿੰਘ ਕੌਲੀ ਨਾਲ ਪੱਕੇ ਸਬੰਧ ਸਨ। ਇਕ ਸ਼ਰਾਬ ਦੇ ਠੇਕੇਦਾਰ ਦੇ ਪੋਤਰੇ ਰਾਜ ਕ੍ਰਿਸ਼ਨ ਨੂੰ ਅਗਵਾ ਕੀਤਾ ਗਿਆ ਸੀ ਅਤੇ ਪੁਲਿਸ ਰਾਹੀਂ 25 ਲੱਖ ਰੁਪਏ ਬਟੋਰੇ ਗਏ

ਸਨ।"[ ਪੈਸੇ ਬਟੋਰਨ ਦਾ ਭਾਗ ਵੀ ਦੇਖਿਆ ਜਾਵੇ।] ਅਖਬਾਰਾਂ ਵਿਚ ਛਪੀਆਂ ਖਬਰਾਂ ਅਨੁਸਾਰ, ਕੌਲੀ ਅਤੇ ਕੁਝ ਪੁਲਿਸ ਅਫਸਰਾਂ ਨੇ ਮੁਹਾਲੀ ਵਿਚ ਇਕੱਠਿਆਂ ਇਕ ਗਰਲ ਫਰੈਂਡ ਨਾਲ ਕੁਕਰਮ ਕੀਤਾ ਸੀ। ਕੁਝ ਕਹਾਣੀਆਂ ਅਨੁਸਾਰ, ਕੌਲੀ ਨੂੰ ਪਕੜਦੇ ਸਾਰ ਹੀ ਮਾਰ ਦਿੱਤਾ ਗਿਆ ਸੀ। ਪੁਲਿਸ ਨੂੰ ਉਸ ਤੇ ਮੁਕਦਮਾ ਚਲਾਉਣ ਦੀ ਬਜਾਏ ਉਸ ਨੂੰ ਮਾਰਨਾ ਕਿਉਂ ਚੰਗਾ ਸਮਝਿਆ? ਕਿਉਂਕਿ ਮਰ ਗਿਆ ਵਿਅਕਤੀ ਕਿਸੇ ਕਿਸਮ ਦਾ ਪਰਦਾਫਾਸ਼ ਨਹੀਂ ਕਰ ਸਕਦਾ।

*ਬੰਧਕ ਵਿਅਕਤੀ (ਹੋਸਟੇਜਿਜ਼)*

ਅੱਤਵਾਦੀਆਂ ਦੇ ਰਿਸ਼ਤੇਦਾਰਾਂ ਨੂੰ ਪਕੜਨ ਅਤੇ ਬੰਧਕ ਬਣਾਉਣ ਦੀ ਆਮ ਪ੍ਰਥਾ ਪੈ ਗਈ ਸੀ ਜਿਸ ਦੀ ਉਦਾਹਰਣ 11 ਨਵੰਬਰ, 1991 ਦੀ **ਦਿ ਟ੍ਰਿਬਿਊਨ** ਅਖਬਾਰ ਵਿਚ ਛਪੀ :

"ਕੋਈ ਤਿੰਨ ਮਹੀਨੇ ਬਾਅਦ, ਸੁਰੱਖਿਆ ਬਲਾਂ ਨੇ ਗੁਰਬਚਨ ਸਿੰਘ ਮਾਣੋਚਾਹਲ, ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ (ਬੀ ਟੀ ਐਫ ਕੇ) ਅਤੇ ਸੁਰਜੀਤ ਸਿੰਘ ਬਹਿਲਾ, ਬੀ ਟੀ ਐਫ ਕੇ ਦੇ ਲੈਫਟੀਨੈਂਟ-ਜਨਰਲ ਅਤੇ ਕੁਝ ਹੋਰਨਾਂ ਦੇ ਰਿਸ਼ਤੇਦਾਰਾਂ ਨੂੰ ਹਿਰਾਸਤ ਵਿਚ ਰੱਖਿਆ ਸੀ। ਸੁਰੱਖਿਆ ਬਲਾਂ ਤੇ ਦਬਾਅ ਪਾਉਣ ਲਈ ਅਤਿਵਾਦੀਆਂ ਨੇ ਇਕ ਪੁਲਿਸ ਇੰਸਪੈਕਟਰ ਦੇ ਪਿਤਾ ਅਤੇ ਸਾਲੀ, ਇਕ ਆਈ.ਜੀ. (ਪੀ ਏ ਪੀ) ਦੇ ਪਿਤਾ ਅਤੇ ਅੰਮ੍ਰਿਤਸਰ ਦੇ ਡੀ.ਸੀ. ਅਤੇ ਐਮ.ਐਸ. ਗਿੱਲ, ਸਕੱਤਰ, ਕੈਮੀਕਲਜ਼ ਐਂਡ ਪੈਟਰੋ-ਕੈਮੀਕਲਜ਼, ਭਾਰਤ ਸਰਕਾਰ ਦੇ ਰਿਸ਼ਤੇਦਾਰਾਂ ਨੂੰ ਅਗਵਾ ਕਰ ਲਿਆ। ਸੂਤਰਾਂ ਅਨੁਸਾਰ, ਸੁਰੱਖਿਆ ਬਲ ਅਤੇ ਅੱਤਵਾਦੀ ਇਕ ਸਮਝੌਤੇ ਤੇ ਪਹੁੰਚੇ। ਪਹਿਲੇ ਪੜਾਅ ਵਿਚ, ਮਾਣੋਚਾਹਲ ਦਾ ਛੇ ਸਾਲਾਂ ਦਾ ਬੱਚਾ ਸੁਰੱਖਿਆ ਬਲਾਂ ਦੁਆਰਾ ਰਿਹਾ ਕੀਤਾ ਗਿਆ ਸੀ। ਅਗਲੇ ਦਿਨ ਅੱਤਵਾਦੀਆਂ ਦੇ ਸਾਰੇ ਰਿਸ਼ਤੇਦਾਰ ਰਿਹਾ ਕੀਤੇ ਗਏ ਸਨ। ਉਸ ਦੇ ਬਦਲੇ ਅੱਤਵਾਦੀਆਂ ਨੇ ਸੁਰੱਖਿਆ ਅਫਸਰਾਂ ਦੇ ਰਿਸ਼ਤੇਦਾਰਾਂ ਨੂੰ ਰਿਹਾ ਕੀਤਾ।"

*ਖਾੜਕੂਆਂ ਨੂੰ ਪਨਾਹ ਦੇਣ ਵਾਲੇ :*

ਜਿਹੜੇ ਵਿਅਕਤੀਆਂ ਨੇ ਖਾੜਕੂਆਂ ਨੂੰ ਪਨਾਹ ਦਿੱਤੀ ਉਹ ਪੁਲਿਸ ਦਾ ਨਿਸ਼ਾਨਾ ਬਣੇ, ਪਰੰਤੂ ਜਿਨ੍ਹਾਂ ਨੇ ਗੋਲੀ ਤੋਂ ਡਰਦਿਆਂ ਉਨ੍ਹਾਂ ਨੂੰ ਪਨਾਹ ਦਿੱਤੀ ਉਨ੍ਹਾਂ ਨੂੰ ਵੀ ਪੁਲਿਸ ਦੁਆਰਾ ਬਖ਼ਸ਼ਿਆ ਨਹੀਂ ਗਿਆ। ਅਜਿਹੇ ਕਈ ਮੌਕੇ ਵੀ ਆਏ ਜਦੋਂ ਖਾੜਕੂਆਂ ਨੇ ਪੁਲਿਸ ਵਾਲਿਆਂ ਦੇ ਪਰਿਵਾਰਾਂ ਕੋਲੋਂ ਪਨਾਹ ਮੰਗੀ। ਇਨ੍ਹਾਂ ਲੋਕਾਂ ਦਾ ਅੱਤਵਾਦ ਵਿਚ ਕੋਈ ਹੱਥ ਨਹੀਂ ਸੀ ਪਰੰਤੂ ਫਿਰ ਵੀ ਉਨ੍ਹਾਂ ਨੇ ਅਖੌਤੀ ਖਾੜਕੂਆਂ ਅਤੇ ਪੁਲਿਸ ਦੇ ਛਾਪਿਆਂ ਤੋਂ ਉਨ੍ਹਾਂ ਕੋਲੋਂ ਪੈਸੇ ਬਟੋਰਨ ਅਤੇ ਹੋਰ ਵਧੀਕੀਆਂ ਝੱਲਣੀਆਂ ਪਈਆਂ।

1992 ਵਿਚ ਖਾੜਕੂ, ਪਿੰਡ ਸਿੰਘਾਂ ਦਾ ਨੱਗਲ, ਜ਼ਿਲ੍ਹਾ ਰੋਪੜ ਵਿਖੇ, ਤਰਲੋਚਨ ਸਿੰਘ, ਇਕ ਛੋਟੇ ਜ਼ਿਮੀਦਾਰ ਦੇ ਘਰ ਆ ਵੜੇ। ਉਨ੍ਹਾਂ ਨੇ ਖਾਣ ਲਈ ਕੁਝ ਮੰਗਿਆ ਅਤੇ ਚਲੇ ਗਏ। ਅਗਲੇ ਦਿਨ ਪੁਲਿਸ ਨੇ ਉਸ ਤੇ ਅੱਤਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਲਗਾ ਕੇ ਗ੍ਰਿਫਤਾਰ ਕਰ ਲਿਆਂ ਉਸ ਦੀ ਪਤਨੀ ਨੇ ਆਪਣੇ ਪਤੀ ਨੂੰ ਰਿਹਾ ਕਰਵਾਉਣ ਲਈ ਆਪਣੀ ਅੱਧੀ ਸੰਪਤੀ ਵੇਚ ਦਿੱਤੀ। ਉਸ ਨੂੰ ਬੁਰੀ ਤਰ੍ਹਾਂ ਤੰਗ ਕੀਤਾ ਗਿਆ। ਦੋ ਮਹੀਨਿਆਂ ਬਾਅਦ ਪੁਲਿਸ ਨੇ ਉਸਨੂੰ ਕਿਸੇ ਹੋਰ ਕੇਸ ਵਿਚ ਗ੍ਰਿਫਤਾਰ ਕਰ ਲਿਆ ਅਤੇ ਉਸ ਨੂੰ ਫਿਰ ਤਸੀਹੇ ਦਿੱਤੇ। ਇਸ ਤੋਂ ਤੰਗ ਆ ਕੇ ਉਸ ਨੇ ਜ਼ਹਿਰ ਖਾ ਲਈ ਅਤੇ ਮਰ ਗਿਆ।(**ਦਿ ਵੀਕ**, 22 ਨਵੰਬਰ, 1991)।

*ਦਲਿਤ*

ਪੰਜਾਬ ਵਿਚ ਦਲਿਤ ਲੋਕ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਇਕ ਗ੍ਰੇ-ਜ਼ੋਨ ਹੈ। ਕਿਉਂਕਿ ਜਾਤੀ ਭੇਦ-ਭਾਵ ਵਿਚ ਉਨ੍ਹਾਂ ਦੇ ਘਟੀਆ ਸਟੇਟਸ ਕਾਰਣ ਉਨ੍ਹਾਂ ਦਾ ਹਿੰਦੂਵਾਦ ਵਿਚ ਦ੍ਰਿੜ੍ਹ ਵਿਸ਼ਵਾਸ ਨਹੀਂ ਹੈ। ਇਕ ਆਮ ਵਿਸ਼ਵਾਸ ਦੇ ਉਲਟ ਉਨ੍ਹਾਂ ਨੇ "ਆਪਣੀ ਕਿਸਮਤ" ਨੂੰ ਦੁਰਭਾਗੇ ਤੌਰ ਤੇ ਕਦੀ ਸਵੀਕਾਰ ਨਹੀਂ ਕੀਤਾ ਹੈ। ਸਦੀਆਂ ਤੋਂ ਚਲੇ ਆ ਰਹੇ ਸਮਾਜਕ-ਅਤੇ ਧਾਰਮਕ ਅੰਦੋਲਨਾਂ ਵੱਲ ਝਾਤ ਮਾਰਦਿਆਂ ਤੁਸੀਂ ਦੇਖੋਗੇ ਕਿ ਦਲਿਤ, ਮਨੁੱਖੀ ਸ਼ਾਨ ਅਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ ਲਈ ਜੱਦੋ-ਜਹਿਦ ਕਰਦੇ ਆ ਰਹੇ ਹਨ। ਇਸ ਸਦੀ ਵਿਚ ਭਾਰਤੀ ਸੰਵਿਧਾਨ ਦੇ ਨਿਰਮਾਤਾ ਬੀ.ਆਰ. ਅੰਬੇਦਕਰ (ਖੁਦ ਇਕ ਦਲਿਤ) ਨੇ ਬੁੱਧ ਧਰਮ ਅਪਣਾਉਣ ਦੀ ਅਗਵਾਈ ਕੀਤੀ। ਇਸੇ ਤਰ੍ਹਾਂ ਲੱਖਾਂ ਲੋਕਾਂ ਨੇ ਇਸਾਈ ਧਰਮ, ਇਸਲਾਮ ਅਤੇ ਸਿੱਖ ਧਰਮ ਰਾਹੀਂ ਚੰਗਾ ਜੀਵਣ ਬਿਤਾਉਣ ਦੀ ਕੋਸ਼ਿਸ਼ ਕੀਤੀ।

ਪੰਜਾਬ ਵਿਚ ਦਲਿਤਾਂ ਦਾ ਝੁਕਾਅ ਜ਼ਿਆਦਾਤਰ ਸਿੱਖ ਧਰਮ ਵੱਲ ਹੈ ਭਾਵੇਂ, ਅਸਲ ਵਿਚ, ਸਿੱਖ ਜਾਤ-ਪਾਤ ਦੇ "ਜੰਜਾਲ" ਤੋਂ ਉੱਕਾ ਹੀ ਮੁਕਤੀ ਦਾ ਦਾਅਵਾ ਨਹੀਂ ਕਰ ਸਕਦੇ ਫਿਰ ਵੀ, ਧਰਮ ਵਿਚ ਕੱਟੜ ਵਿਸ਼ਵਾਸ ਹੋਣ ਕਰਕੇ ਕੱਟੜ ਸਿੱਖ ਵੀ ਜਿਥੋਂ ਤਕ ਗੈਰ-ਸਿੱਖ ਜਨਤਾ ਵਿਚ ਦੇਖਿਆ ਜਾਂਦਾ ਹੈ, "ਘੱਟ ਗਿਣਤੀ" ਜਾਤਾਂ ਤੇ ਇਸ ਨੂੰ ਥੋਪ ਨਹੀਂ ਸਕਦੇ। ਸਿੱਖ ਧਾਰਮਿਕ ਆਗੂ, ਅਤੇ ਵਿਸ਼ੇਸ਼ ਕਰਕੇ ਖਾੜਕੂ, ਸਿੱਖ ਗੁਰੂਆਂ ਦੇ ਸਿਧਾਂਤਾਂ ਨੂੰ ਇਨ-ਬਿਨ ਲਾਗੂ ਕਰਨ ਲਈ ਦ੍ਰਿੜ੍ਹ ਸਨ ਅਤੇ ਜਿਸ ਦਾ ਹੋਰਨਾਂ ਗੱਲਾਂ ਦੇ ਨਾਲ ਮਤਲਬ ਹੈ ਕਿ ਸੰਗਤ ਅਤੇ ਰੋਜ਼ਾਨਾ ਜੀਵਨ ਵਿਚ ਜਾਤੀ ਦੇ ਸਾਰੇ ਨਾਂ-ਨਿਸ਼ਾਨਾਂ ਨੂੰ ਲੈ ਕੇ ਚਲਣਾ ਪਵੇਗਾ।

ਲਹਿਰਾਗਾਗਾ ਦੇ ਦੋ ਨੌਜਵਾਨਾਂ ਦੀਆਂ ਮੌਤਾਂ (ਜਿਨ੍ਹਾਂ ਸਬੰਧੀ ਐਮ ਏ ਐਸ ਆਰ ਦੁਆਰਾ ਜਾਂਚ ਕੀਤੀ ਗਈ) ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਦਲਿਤ ਸਟੇਟਸ ਅਤੇ ਸਿੱਖ ਧਰਮ ਦਾ ਸੁਮੇਲ ਅਕਸਰ ਕਿੰਨਾ

ਘਾਤਕ ਸਿੱਧ ਹੋਇਆ।

10 ਮਈ, 1991 ਦੀ ਸਵੇਰ ਨੂੰ ਗੋਬਿੰਦਗੜ੍ਹ ਜੇਜੀਆਂ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਦੇ ਜੁਗਿੰਦਰ ਸਿੰਘ ਮਾਵੀ, ਜੋ ਆਪਣੇ ਖੇਤ ਵਿਚ ਕੰਮ ਕਰ ਰਿਹਾ ਸੀ, ਨੂੰ ਦੋ ਨੌਜਵਾਨ ਮਿਲੇ। ਉਨ੍ਹਾਂ ਨੇ ਉਸਨੂੰ ਕਿਹਾ ਕਿ ਪੁਲਿਸ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ ਅਤੇ ਉਨ੍ਹਾਂ ਨੇ ਛੁੱਪਣ ਜਾਂ ਨੱਠਣ ਲਈ ਉਸਦੀ ਮਦਦ ਮੰਗੀ। ਅਜੇ ਉਹ ਇਹ ਗੱਲਾਂ ਕਰ ਹੀ ਰਹੇ ਸਨ, ਕਿ ਪੁਲਿਸ ਉਨ੍ਹਾਂ ਦੇ ਕੋਲ ਆ ਗਈ ਅਤੇ ਉਨ੍ਹਾਂ ਨੇ ਮੁੰਡਿਆਂ ਨੂੰ ਆਪਣੀ ਪਹਿਚਾਣ ਦੱਸਣ ਲਈ ਕਿਹਾ। ਬਲਬੀਰ ਨੇ ਕਿਹਾ ਕਿ ਉਹ ਗੋਬਿੰਦਗੜ੍ਹ ਜੇਜੀਆਂ ਪਿੰਡ ਦੇ ਰਹਿਣ ਵਾਲੇ ਹਨ ਪਰੰਤੂ ਜਦੋਂ ਉਹ ਪਿੰਡ ਦੇ ਸਰਪੰਚ ਦਾ ਸਹੀ ਨਾਮ ਨਾ ਦੱਸ ਸਕਿਆ ਤਾਂ ਪੁਲਿਸ ਜਾਣ ਗਈ ਕਿ ਉਹ ਝੂਠ ਮਾਰ ਰਿਹਾ ਹੈ। ਫਿਰ ਉਹ ਮੰਨ ਗਏ ਕਿ ਉਹ ਪਿੰਡ ਲੈਹਲ ਖੁਰਦ ਦੇ ਪੂਰਨ ਸਿੰਘ ਦਾ ਪੁੱਤਰ ਬਲਬੀਰ ਸਿੰਘ (22) ਅਤੇ ਪਿੰਡ ਲੈਹਲ ਕਲਾਂ ਦੇ ਸਾਧੂ ਸਿੰਘ ਦਾ ਪੁੱਤਰ ਗਰਮੇਲ ਸਿੰਘ (23) ਹਨ। ਪੁਲਿਸ ਨੇ ਉਨ੍ਹਾਂ ਨੂੰ ਆਪਣੇ ਨਾਲ ਜਾਣ ਲਈ ਕਿਹਾ ਅਤੇ ਇਕ ਜੀਪ ਵਿਚ ਉਨ੍ਹਾਂ ਨੂੰ ਲੈ ਗਏ। ਜੁਗਿੰਦਰ ਸਿੰਘ ਨੂੰ ਕਿਸੇ ਹੋਰ ਜੀਪ ਵਿਚ ਲਹਿਰਾ ਪੁਲਿਸ ਪਾਸ ਲਿਜਾਇਆ ਗਿਆ ਅਤੇ ਬਾਅਦ ਵਿਚ ਉਸ ਨੂੰ ਛੱਡ ਦਿੱਤਾ ਗਿਆ। 11 ਮਈ ਨੂੰ 10 ਵਜੇ ਸਵੇਰੇ ਡਾ. ਭਾਰਦਵਾਜ ਨੇ ਸਿਵਲ ਹਸਪਤਾਲ, ਸੰਗਰੂਰ ਵਿਚ ਬਲਬੀਰ ਅਤੇ ਗੁਰਮੇਲ ਦੀਆਂ ਲਾਸ਼ਾਂ ਦਾ ਪੋਸਟ-ਮਾਰਟਮ ਕੀਤਾ ਅਤੇ ਰਿਪੋਰਟ ਕੀਤੀ ਕਿ ਦੋਹਾਂ ਦੇ ਸ਼ਰੀਰ ਤੇ ਛਾਤੀ ਅਤੇ ਪਿੱਠ ਵਿਚ ਅੱਠ ਤੋਂ ਦਸ ਗੋਲੀਆਂ ਦੇ ਨਿਸ਼ਾਨ ਹਨ। ਉਹ ਛੇ ਅਤੇ 12 ਘੰਟਿਆਂ ਦੇ ਅੰਦਰ-ਅੰਦਰ ਮਰੇ ਹਨ। ਪੁਲਿਸ ਉਨ੍ਹਾਂ ਦਾ ਸਸਕਾਰ ਕਰਨ ਲਈ ਕਾਹਲੀ ਸੀ ਅਤੇ ਉਨ੍ਹਾਂ ਦੀ ਪਹਿਚਾਣ ਕਰਨ ਦਾ ਕਿਸੇ ਨੂੰ ਮੌਕਾ ਨਹੀਂ ਦਿੱਤਾ ਗਿਆ।

ਉਨ੍ਹਾਂ ਦੀਆਂ ਮੌਤਾਂ ਬਾਰੇ ਪੁਲਿਸ ਦਾ ਪੱਖ ਇਹ ਹੈ ਕਿ ਉਹ ਉਨ੍ਹਾਂ ਚਾਰ ਵਿਅਕਤੀਆਂ ਵਿਚੋਂ ਹਨ ਜਿਨ੍ਹਾਂ ਨੂੰ 11 ਮਈ ਨੂੰ ਦੇਰ ਰਾਤ ਪਿੰਡ ਫਿਲੇਰਾ ਅਤੇ ਰੱਤਾ ਖੇੜਾ ਵਿਚਕਾਰ ਨਹਿਰ ਤੇ ਇਕ ਪੁਲ ਦੇ ਨੇੜੇ ਪੁਲਿਸ ਨਾਕੇ ਤੇ ਰੋਕਿਆ ਗਿਆ ਸੀ। ਇਨ੍ਹਾਂ ਨੇ ਗੋਲੀ ਚਲਾਈ ਅਤੇ ਮੁਕਾਬਲੇ ਦੀ ਗੋਲੀ ਵਿਚ ਉਹ ਮਾਰੇ ਗਏ। ਉਨ੍ਹਾਂ ਦੀਆਂ ਲਾਸ਼ਾਂ ਕੋਲੋਂ ਇਕ ਪਿਸਤੌਲ, ਇਕ ਰਾਈਫਲ ਅਤੇ 50 ਰੁਪਏ ਮਿਲੇ ਸਨ ਅਤੇ ਉਨ੍ਹਾਂ ਦਾ ਸਸਕਾਰ ਸੰਗਰੂਰ ਨੇੜੇ ਕੀਤਾ ਗਿਆ ਸੀ। ਕਿਉਂਕਿ ਉਨ੍ਹਾਂ ਦੀਆਂ ਲਾਸ਼ਾਂ ਦਾ ਕੋਈ ਵਾਰਸ ਨਹੀਂ ਸੀ।

ਲੈਹਲ ਖੁਰਦ ਦੇ ਸਰਪੰਚ ਤੇਜਾ ਸਿੰਘ, ਕ੍ਰਿਸ਼ਨ ਸਿੰਘ ਅਤੇ ਪਿੰਡ ਦੇ ਹੋਰ ਲੋਕਾਂ ਨੇ ਗਵਾਹੀ ਦਿੱਤੀ ਕਿ ਬਲਬੀਰ ਇਕ ਮਜ਼ਦੂਰ ਸੀ ਅਤੇ ਗੁਰਮੇਲ ਇਕ ਰਿਕਸ਼ਾ ਚਾਲਕ ਸੀ। ਉਹ ਚੰਗੇ ਚਾਲ-ਚਲਣ ਵਾਲੇ ਵਿਅਕਤੀ ਸਨ ਅਤੇ ਦੱਸਿਆ ਕਿ ਉਨ੍ਹਾਂ ਵਿਰੁੱਧ ਕੋਈ ਕੇਸ ਪੈਂਡਿੰਗ ਨਹੀਂ ਸੀ। ਉਨ੍ਹਾਂ ਨੇ ਦੱਸਿਆ ਕਿ ਬਲਬੀਰ ਅਤੇ ਗੁਰਮੇਲ ਦੋਹਾਂ ਨੇ ਪਿੱਛੇ ਜਿਹੇ ਅੰਮ੍ਰਿਤ ਛੱਕਿਆ

ਸੀ।

ਖਾੜਕੂ ਅੰਦੋਲਨ ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਦਲਿਤਾਂ ਨੇ ਪੰਜਾਬ ਵਿਚ ਅੱਤਵਾਦ ਨੂੰ ਬਹੁਤ ਸਹਾਰਾ ਦਿੱਤਾ। ਸ਼ੁਰੂ ਵਿਚ ਪੁਲਿਸ ਨੇ ਇਸ ਖੇਡ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ; ਬਾਅਦ ਵਿਚ ਉਨ੍ਹਾਂ ਨੇ ਪੁਲਿਸ ਦੁਆਰਾ ਦਲਿਤ ਅੱਤਵਾਦੀਆਂ ਦੀਆਂ ਹੱਤਿਆਵਾਂ ਨੂੰ ਖਾੜਕੂਆਂ ਦੇ ਨਾਂ ਲਗਾਉਣ ਦੀ ਕੋਸ਼ਿਸ਼ ਕੀਤੀ : ਸ਼ਾਇਦ ਉਨ੍ਹਾਂ ਦੋਹਾਂ ਵਿਚ ਫੁੱਟ ਪਾਉਣ ਲਈ ਅਜਿਹਾ ਕੀਤਾ ਗਿਆ। ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਤੋਂ ਇਲਾਵਾ, ਹੈਰਾਨੀ ਵਾਲੀ ਗੱਲ ਇਹ ਹੈ ਕਿ ਖਾੜਕੂ ਸਮਾਜ ਦੇ ਇਸ ਵਿਸ਼ੇਸ਼ ਵਰਗ ਨੂੰ ਕਿਉਂ ਨਿਸ਼ਾਨਾ ਬਣਾਉਣਗੇ ਜਦ ਕਿ ਉਨ੍ਹਾਂ ਦੀ ਲੜਾਈ ਰਾਜ ਸਰਕਾਰ ਦੇ ਵਿਰੁੱਧ ਹੈ।

ਦਲਿਤਾਂ ਦੀਆਂ ਜ਼ਿਆਦਾ ਮੌਤਾਂ ਦਾ ਇਕ ਕਾਰਣ ਇਹ ਸੀ ਕਿ ਸਮਾਜ ਦੇ ਘੱਟ ਆਮਦਨ ਵਾਲੇ ਛੋਟੇ-ਮੋਟੇ ਮੁਜਰਮ (ਦਲਿਤ ਅਤੇ ਛੋਟੇ ਕਿਸਾਨ ਵਗੈਰਾ) ਪੁਲਿਸ ਦੇ ਸੁਰੱਖਿਅਤ ਸ਼ਿਕਾਰ ਸਨ ਅਤੇ ਉਹ ਇਨਾਮ ਜਿੱਤਣ ਦਾ ਇਕ ਆਸਾਨ ਸਾਧਨ ਸਨ। ਇਹ ਲੋਕ ਸੂਬੇ ਦੀ ਸਰਕਾਰ ਵਿਚ ਵੀ ਹਿੱਸਾ ਨਹੀਂ ਲੈ ਸਕਦੇ ਸਨ ਇਸ ਕਰਕੇ ਇਨ੍ਹਾਂ ਨੂੰ ਮਾਰਨ ਦਾ ਪੁਲਿਸ ਨੂੰ ਕੋਈ ਡਰ ਨਹੀਂ ਸੀ।

ਇਸ ਚੀਜ਼ ਤੋਂ ਵੀ ਪਤਾ ਲਗਦਾ ਹੈ ਕਿ 1992 ਵਿਚ ਪੰਜਾਬ ਦੀਆਂ ਜੇਲ੍ਹਾਂ ਵਿਚ 2000 ਮੁਜਰਮ ਹੀ ਕਿਉਂ ਸਨ ਜਦ ਕਿ ਜੇਲ੍ਹ ਵਿਚ ਉਦੋਂ ਕੁੱਲ 9000 ਕੈਦੀ ਸਨ। ਬਾਕੀ ਦੇ 7000 ਰਾਜਨੀਤਕ ਕੈਦੀ ਸਨ। (ਇਸ ਵਿਚ ਥਾਣਿਆਂ ਅਤੇ ਪੁੱਛ-ਗਿੱਛ ਕੇਂਦਰਾਂ ਵਿਚ ਰੱਖੇ ਰਾਜਨੀਤਕ ਕੈਦੀ ਸ਼ਾਮਲ ਨਹੀਂ ਹਨ।)

ਮੇਰਾ ਨਿੱਜੀ ਅਨੁਭਵ ਦਲਿਤਾਂ ਦੇ ਵਤੀਰੇ ਅਤੇ ਉਸ "ਖਤਰੇ" ਜਿਹੜਾ ਉਨ੍ਹਾਂ ਨੇ ਇਕ ਸਥਾਪਤ ਵਰਗ ਨੂੰ ਪਾਇਆ, ਤੇ ਰੋਸ਼ਨੀ ਪਾਉਂਦਾ ਹੈ। ਮੈਂ ਜੱਥੇਦਾਰ ਉਜਾਗਰ ਸਿੰਘ ਸੇਖਵਾਂ (ਜਿਹੜਾ ਖ਼ੁਦ ਇਕ ਪਛੜੀ ਜਾਤੀ ਨਾਲ ਸਬੰਧ ਰੱਖਦਾ ਸੀ) ਜਦੋਂ ਉਹ ਅਕਾਲੀ ਦਲ ਦਾ ਪ੍ਰਧਾਨ ਸੀ, ਨੂੰ ਜਾਣਦਾ ਸੀ। ਉਦੋਂ ਉਹ ਭਾਰਤੀ ਘੱਟ ਗਿਣਤੀ ਅਤੇ ਦਲਿਤ ਫਰੰਟ ਦਾ ਪ੍ਰਧਾਨ ਵੀ ਸੀ। ਇਕ ਅਕਾਲੀ ਐਮ.ਐਲ.ਏ. ਅਤੇ ਦਲਿਤਾਂ ਦੀ ਭਲਾਈ ਦਾ ਰਹਿਬਰ ਹੋਣ ਦੇ ਨਾਤੇ ਮੈਂ ਉਨ੍ਹਾਂ ਦੇ ਸੰਪਰਕ ਵਿਚ ਰਿਹਾ ਹਾਂ। ਉਨ੍ਹਾਂ ਦੀ ਸਿਹਤ ਉਸ ਸਮੇਂ ਬਹੁਤ ਵਿਗੜ ਗਈ ਜਦੋਂ ਉਹ ਬੰਬਈ ਵਿਖੇ ਨਜ਼ਰਬੰਦ ਸਨ (1988-89) ਅਤੇ ਉਹ ਰਿਹਾਅ ਕੀਤੇ ਜਾਣ ਤੋਂ ਬਾਅਦ ਜਲਦੀ ਹੀ ਸਵਰਗਵਾਸ ਹੋ ਗਏ।

ਘੱਟ ਗਿਣਤੀਆਂ ਅਤੇ ਦਲਿਤ ਫਰੰਟ ਨੇ ਮੈਨੂੰ ਪਹੁੰਚ ਕੀਤੀ ਅਤੇ ਮੈਨੂੰ ਫਰੰਟ ਦਾ ਪ੍ਰਧਾਨ ਥਾਪਿਆ ਗਿਆ। ਇਹ ਸਾਡੇ ਮੂਵਮੈਂਟ ਅਗੇਂਸਟ ਸਟੇਟ ਰਿਪਰੈਸ਼ਨ ਦੇ ਨਾਂ ਨਾਲ ਪੁਕਾਰੇ ਜਾਂਦੇ ਇਕ ਮਨੁੱਖੀ ਅਧਿਕਾਰ ਸੰਗਠਨ ਦੇ ਸਥਾਪਤ ਕਰਨ ਤੋਂ ਬਾਅਦ ਜਲਦੀ ਹੋਇਆ। ਚੰਡੀਗੜ੍ਹ ਵਿਚ ਇਕ ਬਹੁਤ

ਵੱਡੀ ਪ੍ਰਾਈਵੇਟ ਪਾਰਟੀ ਵਿਚ ਉਸ ਵੇਲੇ ਦੇ ਮੁੱਖ ਸਕੱਤਰ ਐਸ.ਐਲ.ਕਪੂਰ ਨਾਲ ਮੇਰੀ ਦੁਆ-ਸਲਾਮ ਹੋਈ। ਉਹ ਇਕ ਕਮਰੇ ਵਿਚ ਸਿੱਧੇ ਮੈਨੂੰ ਮਿਲਣ ਆਏ ਅਤੇ ਉਨ੍ਹਾਂ ਨੇ ਸਪੱਸ਼ਟ ਤੌਰ ਤੇ ਕਿਹਾ: "ਕਿ ਮੈਂ ਬਹੁਤ ਪਰੇਸ਼ਾਨ ਹਾਂ ਲੇਕਿਨ ਇਸ ਗੱਲੋਂ ਨਹੀਂ ਕਿ ਤੁਸੀਂ ਕੋਈ ਸੰਗਠਨ ਕਾਇਮ ਕਰ ਰਹੇ ਹੋ ਲੇਕਿਨ ਇਸ ਗੱਲੋਂ ਕਿ ਤੁਸੀਂ ਘੱਟ ਗਿਣਤੀ ਅਤੇ ਦਲਿਤ ਫਰੰਟ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ।" ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਇਨ੍ਹਾਂ ਦੋਹਾਂ ਸੰਸਥਾਵਾਂ ਦਾ ਸਮਾਜ ਦੇ ਕਿਸੇ ਵਿਸ਼ੇਸ਼ ਵਰਗਾਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਸਾਂਝਾ ਮਨੋਰਥ ਹੈ, ਤਾਂ ਉਨ੍ਹਾਂ ਨੇ ਕਿਹਾ : ਕਿ ਮੈਂ "ਇਸ ਨਾਲ ਸਹਿਮਤ ਨਹੀਂ ਹਾਂ।" ਉਸ ਨੇ ਮੈਨੂੰ ਚਿਤਾਵਨੀ ਦਿੱਤੀ ਕਿ : "ਤੁਸੀਂ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਰਹੇ ਹੋ।"

ਜਿਸ ਖ਼ਤਰੇ ਦਾ ਉਸਨੂੰ ਡਰ ਸੀ ਉਹ ਇਹ ਸੀ ਕਿ ਦਲਿਤਾਂ ਨੂੰ ਬਹੁਤ ਹੱਠੀ ਅਤੇ ਆਪਣੀਆਂ ਜ਼ਿੰਦਗੀਆਂ ਤੋਂ ਅਸੰਤੁਸ਼ਟ ਬਣਾ ਦਿੱਤਾ ਜਾਵੇਗਾ ਅਤੇ ਇਸ ਦਾ ਸਿੱਟਾ ਇਹ ਹੋਵੇਗਾ ਕਿ ਉਹ ਅੱਤਵਾਦ ਵਾਲੇ ਪਾਸੇ ਜ਼ਿਆਦਾ ਜਾਣਗੇ।

ਉਨ੍ਹਾਂ ਦੀ ਗਣਨਾ ਕਰਾਉਣ ਨਾਲ ਹੀ ਸ਼ਾਇਦ ਪੱਕਾ ਪਤਾ ਲਗ ਸਕੇ ਕਿ ਦਲਿਤਾਂ ਦੀ ਸਿੱਖ ਜੱਦੋ-ਜਹਿਦ ਵਿਚ ਕਿੰਨੀ ਗਿਣਤੀ ਹੈ ਪਰੰਤੂ ਇਨ੍ਹਾਂ ਅੰਕੜਿਆਂ ਤੋਂ ਬਿਨਾਂ ਹੀ ਇਹ ਸਪੱਸ਼ਟ ਹੈ ਕਿ ਉਨ੍ਹਾਂ ਦਾ ਯੋਗਦਾਨ ਉਨ੍ਹਾਂ ਦੀ ਗਿਣਤੀ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਹੈ।

ਜਦੋਂ ਕਾਫੀ ਚਿਰ ਬਾਅਦ ਰਾਜ ਵਿਚ ਜ਼ਬਰ ਵੱਧਣ ਦੇ ਕਾਰਣ ਮਨੁੱਖੀ ਆਧਿਕਾਰਾਂ ਦਾ ਰੁਝੇਵਾਂ ਬਹੁਤ ਜ਼ਿਆਦਾ ਵੱਧ ਗਿਆ, ਤਾਂ ਮੈਂ ਭਾਰਤੀ ਘੱਟ ਗਿਣਤੀ ਅਤੇ ਦਲਿਤ ਫਰੰਟ ਦੇ ਪ੍ਰਧਾਨ ਦੀ ਪਦਵੀ ਛੱਡ ਦੇਣ ਦਾ ਫੈਸਲਾ ਕੀਤਾ। ਸੰਸਥਾ, ਦੋ ਗੁੱਟਾਂ ਵਿਚ ਵੰਡ ਗਈ - ਇਕ ਭਾਰਤੀ ਘੱਟ ਗਿਣਤੀ ਅਤੇ ਦਲਿਤ ਫਰੰਟ (ਸੇਖਵਾਂ) ਸੇਖਵਾਂ ਦੇ ਲੜਕੇ ਦੀ ਅਗਵਾਈ ਹੇਠ ਅਤੇ ਦੂਜੀ ਘੱਟ ਗਿਣਤੀਆਂ ਅਤੇ ਦਲਿਤ ਮੁਕਤੀ ਫਰੰਟ ਪੰਜਾਬ (ਐਮ ਡੀ ਐਮ ਐਫ-ਪੀ) ਸੀ ਜਿਸ ਦੀ ਅਗਵਾਈ ਇਕ ਸਾਬਕਾ-ਫੌਜੀ ਬੂਟਾ ਸਿੰਘ ਭੱਟੀ ਕਰ ਰਿਹਾ ਸੀ। ਆਪਣੀਆਂ ਰਾਜਨੀਤਕ ਆਸ਼ਾਵਾਂ ਵਿਚ ਵਾਧਾ ਕਰਨ ਲਈ, ਸੇਖਵਾਂ ਅਕਾਲੀ ਦਲ (ਬਾਦਲ) ਵਿਚ ਰਲ ਗਿਆ ਅਤੇ ਇਸ ਦੇ ਸਿੱਟੇ ਵਜੋਂ ਪਾਰਟੀ ਦਾ ਇਕ ਦਲਿਤ ਵਿੰਗ ਬਣ ਗਿਆ। ਬਾਦਲ ਅਕਾਲੀ ਦਲ (ਜਿਸ ਦੀਆਂ ਜੜ੍ਹਾਂ ਕਾਫੀ ਮਜ਼ਬੂਤ ਹਨ ਅਤੇ ਜਿਸ ਦੀ ਪੰਜਾਬ ਦੀ ਬੀ.ਜੇ.ਪੀ. ਪਾਰਟੀ, ਜਿਸ ਦੀ ਹਿੰਦੂਆਂ ਦੀਆਂ ਉੱਚ ਜਾਤਾਂ ਵਿਚ ਲਗਭਗ ਸਮੁੱਚੀ ਸਾਖ ਬਣੀ ਹੋਈ ਹੈ, ਨਾਲ ਬਹੁਤ ਅੱਛੇ ਸਬੰਧ ਹਨ) ਨਾਲ ਗਠ ਜੋੜ ਕਰਨ ਨਾਲ ਸੇਖਵਾਂ ਸੰਗਠਨ ਤੋਂ ਇਸ ਅਦਾਰੇ ਨੂੰ ਕੋਈ ਖ਼ਾਸ ਖ਼ਤਰਾ ਨਹੀਂ ਸੀ ਦਿਖਾਈ ਦਿੰਦਾ।

ਦਲਿਤਾਂ ਦੀ ਦੂਜੀ ਸੰਸਥਾ ਅਤੇ ਇਸ ਦੇ ਨੇਤਾਵਾਂ ਵਿਚ ਸਹਿਣ-ਸ਼ੀਲਤਾ ਘੱਟ ਸੀ। 24 ਸਤੰਬਰ ਦੀ ਰਾਤ ਨੂੰ 3 ਵਜੇ ਤੜਕੇ ਇਕ ਪੁਲਿਸ ਪਾਰਟੀ ਨੇ ਲੀਲਾਂ ਪਿੰਡ, ਜ਼ਿਲ੍ਹਾ ਲੁਧਿਆਣਾ ਵਿਚ ਬੂਟਾ ਸਿੰਘ ਭੱਟੀ ਨੂੰ ਉਸ ਦੇ ਘਰੋਂ ਚੁੱਕਿਆ। ਅਗਲੇ ਦਿਨ ਪੁਲਿਸ ਫਿਰ ਆਈ, ਘਰ ਦੀ ਤਲਾਸ਼ੀ ਲਈ ਅਤੇ ਉਥੋਂ ਇਕ ਫੋਟੋ-ਐਲਬਮ, ਕੁਝ ਐਮ ਡੀ ਐਮ ਐਫ-ਪੀ ਦੀਆਂ ਪ੍ਰੈਸ ਸਟੇਟਮੈਂਟਸ ਅਤੇ ਇਕ ਕਲਾਕ ਚੁੱਕ ਕੇ ਲੈ ਗਈ। ਭੱਟੀ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਵਿਅਰਥ ਗਈਆਂ ਅਤੇ 28 ਸਤੰਬਰ ਨੂੰ ਐਸ ਐਸ ਪੀ, ਜਗਰਾਓਂ ਨੇ ਇਕ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਕਿ ਪੁਲਿਸ ਦੇ ਰੂਪ ਵਿਚ ਅੱਤਵਾਦੀਆਂ ਨੇ ਉਸ ਨੂੰ ਚੁੱਕ ਲਿਆ ਅਤੇ ਮਾਰ ਦਿੱਤਾ ਹੈ। ਡੀ ਜੀ ਪੀ ਗਿੱਲ ਅਤੇ ਪੰਜਾਬ ਦੇ ਸੀ ਐਮ ਨੇ ਐਮ ਡੀ ਐਮ ਐਫ-ਪੀ ਦੇ ਵਫਦ ਨੂੰ ਯਕੀਨ ਦਿਵਾਇਆ ਕਿ ਭੱਟੀ ਦੀ ਮੌਤ ਦੀ ਜਾਂਚ ਕੀਤੀ ਜਾਵੇਗੀ ਪਰੰਤੂ ਬਾਅਦ ਵਿਚ ਮੁੱਖ ਮੰਤਰੀ ਇਸ ਤੋਂ ਮੁਕਰ ਗਿਆ ਅਤੇ ਗਿੱਲ ਨੇ ਵੀ ਨਾਂਹ ਕਰ ਦਿੱਤੀ ਕਿ ਕਿਸੇ ਬੂਟਾ ਸਿੰਘ ਭੱਟੀ ਨੂੰ ਕਿਸੇ ਥਾਣੇ ਵਿਚ ਰੱਖਿਆ ਗਿਆ ਸੀ।

ਸਵਰਨ ਸਿੰਘ ਕਲਿਆਣ, ਐਮ ਡੀ ਐਮ ਐਫ-ਪੀ ਦੇ ਸਕੱਤਰ ਨੇ ਇਸ ਘਟਨਾ ਵਿਚ ਕੋਈ ਚਾਲ ਖੇਡੀ ਜਾਣ ਦੇ ਮਨੋਰਥ ਦਾ ਅਨੁਮਾਨ ਲਗਾਇਆ। ਉਸ ਨੇ '**ਦਿ ਵੀਕ**' ਦੇ ਪੱਤਰਕਾਰ ਨੂੰ ਦੱਸਿਆ (22 ਨਵੰਬਰ, 1992) : "ਕਿ ਅਸੀਂ ਝੂਠੇ ਮੁਕਾਬਲਿਆਂ ਵਿਚ ਮਰਵਾਏ ਜਾ ਰਹੇ ਲੋਕਾਂ ਅਤੇ ਖਾੜਕੂਆਂ ਦੇ ਰਿਸ਼ਤੇਦਾਰਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਕੇਸਾਂ ਤੇ ਵਿਚਾਰ ਕਰਦੇ ਰਹੇ ਹਾਂ। ਸ਼ਾਇਦ ਇਸੇ ਕਰਕੇ ਹੀ ਪੁਲਿਸ ਨੇ ਭੱਟੀ ਨੂੰ ਚੁੱਕਿਆ ਹੈ।"

### *ਅਸਰ-ਰਸੂਖ ਵਾਲੇ ਵਿਅਕਤੀ*

ਪਾਦਰੀ-ਵਰਗ (ਕਲਰਜੀ)

ਯਹੂਦੀ ਧਰਮ ਜਾਂ ਬੋਧੀਆਂ ਦੇ ਉਲਟ ਸਿੱਖ ਧਰਮ ਵਿਚ ਕਿਸੇ ਰਸਮੀ ਪਾਦਰੀ-ਵਰਗ ਦੀ ਕੋਈ ਥਾਂ ਨਹੀਂ ਹੈ ਅਤੇ ਹਿੰਦੂ ਧਰਮ ਦੇ ਉਲਟ ਕਿਸੇ ਵਿਸ਼ੇਸ਼ ਜਾਤੀ ਗਰੁੱਪ ਨੂੰ "ਪਵਿੱਤਰ" ਨਹੀਂ ਸਮਝਿਆ ਜਾਂਦਾ ਅਤੇ ਹਰ ਕੋਈ ਧਾਰਮਿਕ ਕਾਰਜ ਕਰਨ ਦੇ ਯੋਗ ਹੈ ਅਤੇ ਕੋਈ ਵੀ ਅਛੂਤ ਨਹੀਂ ਹੈ। ਹਰੇਕ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਯੋਗ ਸਮਝਿਆ ਜਾਂਦਾ ਹੈ, ਹਰ ਕੋਈ ਪੂਜਾ-ਪਾਠ ਕਰ ਸਕਦਾ ਹੈ ਅਤੇ ਧਾਰਮਿਕ ਰਸਮਾਂ ਨਿਭਾਉਣ ਦੇ ਯੋਗ ਹੈ। ਪਰ, ਕਿਉਂਕਿ ਕੁਝ ਲੋਕਾਂ ਦਾ ਧਾਰਮਿਕ ਜੀਵਨ ਵਿਚ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ, ਇਸ ਲਈ ਤੁਸੀਂ ਅਕਸਰ ਦੇਖੋਗੇ ਕਿ ਕੋਈ ਵਿਸ਼ੇਸ਼ ਵਿਅਕਤੀ ਗ੍ਰੰਥੀ (ਪ੍ਰਚਾਰਕ) ਬਣ ਜਾਂਦਾ ਹੈ। ਕੁਝ ਗ੍ਰੰਥੀ ਸਿੱਖ ਮਰਿਯਾਦਾਵਾਂ ਨਿਭਾਉਣ ਅਤੇ ਪਾਠ ਕਰਨ ਦੀ ਰਸਮੀ ਸਿਖਲਾਈ ਲੈਂਦੇ ਹਨ।ਜਿਹੜੇ ਵਿਅਕਤੀ ਗ੍ਰੰਥੀ ਬਣ ਜਾਂਦੇ ਹਨ ਉਨ੍ਹਾਂ ਨੂੰ ਅਕਸਰ "ਭਾਈ" ("ਭਰਾ") ਕਿਹਾ ਜਾਂਦਾ ਹੈ।

ਕੁਝ ਗੁਰਦੁਵਾਰਿਆਂ ਵਿਚ ਇਸਤਰੀਆਂ ਗ੍ਰੰਥੀ ਹੁੰਦੀਆਂ ਹਨ ਜਿਨ੍ਹਾਂ ਨੂੰ "ਮਾਈ" ਕਿਹਾ ਜਾਂਦਾ ਹੈ। ਸੇਵਾਦਾਰ ਉਹ ਹੁੰਦੇ ਹਨ ਜਿਹੜੇ ਗੁਰਦਵਾਰੇ ਦੀ ਦੇਖ-ਭਾਲ ਕਰਦੇ ਹਨ ਅਤੇ ਲੰਗਰ ਅਤੇ ਪਰਸ਼ਾਦਾ ਪਕਾਉਂਦੇ ਹਨ।

ਹਰ ਇਕ ਪਿੰਡ ਵਿਚ ਇਕ ਜਾਂ ਦੋ ਗੁਰਦੁਵਾਰੇ ਹੋਣਗੇ ਅਤੇ ਹਰੇਕ ਗੁਰਦੁਵਾਰੇ ਵਿਚ ਇਕ ਜਾਂ ਦੋ ਗ੍ਰੰਥੀ ਹੋਣਗੇ; ਗੁਰਦੁਵਾਰੇ ਦੀ ਮੈਨੇਜਮੈਂਟ ਪਿੰਡ ਦੇ ਲੋਕਾਂ (ਸਿੱਖ ਸੰਗਤ) ਦੁਆਰਾ ਚੁਣੇ ਜਾਂਦੇ ਵਿਅਕਤੀਆਂ ਦੇ ਹੱਥਾਂ ਵਿਚ ਹੁੰਦੀ ਹੈ। ਸੰਗਤ ਧਰਮ ਸਵੀਕਾਰ ਕਰਨ ਵਾਲੇ ਵਿਅਕਤੀਆਂ ਨੂੰ ਅੰਮ੍ਰਿਤ ਛਕਾਉਣ ਲਈ ਇਲਾਕੇ ਦੇ ਪੰਜ ਪਤਵੰਤੇ ਸਜਣਾਂ ਦੀ ਚੋਣ ਵੀ ਕਰਦੀ ਹੈ ਜਿਹੜੇ ਜ਼ਰੂਰੀ ਨਹੀਂ ਕਿ ਉਸੇ ਪਿੰਡ ਦੇ ਹੀ ਹੋਣ।

ਕੋਈ ਵੀ ਵਿਅਕਤੀ ਲਿੰਗ, ਜਾਤ ਜਾਂ ਮਾਪਿਆਂ ਦੀ ਧਾਰਮਿਕ ਸੰਬੰਧਤਾ ਦੇ ਭੇਦ-ਭਾਵ ਤੋਂ ਬਿਨਾਂ "ਅੰਮ੍ਰਿਤ" ਛਕ ਸਕਦਾ ਹੈ ਅਤੇ ਉਸ ਤੋਂ ਖਾਲਸਾ (ਖਾਲਸ) ਬਣ ਜਾਂਦਾ ਹੈ। ਕਈ ਦਲਿਤਾਂ ਨੇ ਇਹ ਮਰਿਯਾਦਾ ਅਪਣਾਈ ਹੈ। (ਇਸ ਚੀਜ਼ ਨੂੰ ਬਹੁਤ ਜ਼ਿਆਦਾ ਕੱਟੜ ਹਿੰਦੂ ਸੰਗਠਨਾਂ ਨੇ ਗੰਭੀਰਤਾ ਨਾਲ ਲਿਆ।) "ਅੰਮ੍ਰਿਤ" ਇਕ ਮਿੱਠਾ ਪਾਣੀ ਹੁੰਦਾ ਹੈ ਜਿਸ ਨੂੰ ਰਵਾਇਤੀ ਖੰਡੇ ਦੀ ਧਾਰ ਨਾਲ ਤਿਆਰ ਕੀਤਾ ਜਾਂਦਾ ਹੈ ਅਤੇ ਫਿਰ ਇਹ ਧਰਮ ਵਿਚ ਨਵੇਂ ਆਉਣ ਵਾਲੇ ਵਿਅਕਤੀ ਨੂੰ ਪਿਲਾਇਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਸਾਰੇ ਮੌਜੂਦ ਵਿਅਕਤੀ ਬਿਨਾਂ ਕਿਸੇ ਜਾਤ-ਪਾਤ ਦੇ ਭੇਦ ਦੇ ਇਕੋ ਬਾਟੇ ਵਿਚੋਂ ਇਸ ਦਾ ਘੁੱਟ ਭਰਦੇ ਹਨ। ਹਿੰਦੂ ਇਸ ਪ੍ਰਥਾ ਨੂੰ ਅਸਵੀਕਾਰ ਕਰਨਗੇ ਕਿਉਂਕਿ ਉਹ ਸਮਝਦੇ ਹਨ ਕਿ ਕਿਸੇ ਹੋਰ ਵਿਅਕਤੀ ਦੁਆਰਾ ਛੁਹਿਆ ਪਾਣੀ, ਵਿਸ਼ੇਸ਼ ਕਰਕੇ ਨੀਵੀਂ ਜਾਤ ਦੇ ਵਿਅਕਤੀ ਦੁਆਰਾ, ਉਨ੍ਹਾਂ ਦੀ ਜਾਤ ਨੂੰ "ਭ੍ਰਿਸ਼ਟ" ਕਰ ਦੇਵੇਗਾ।

ਅੰਮ੍ਰਿਤ ਦੀ ਇਹ ਦਾਤ ਸਾਰੇ ਲੋਕਾਂ ਵਿਚ ਬਰਾਬਰੀ ਦੀ ਭਾਵਨਾ ਪੈਦਾ ਕਰਦੀ ਹੈ। "ਸੰਗਤ" (ਇਕੱਠ) ਵੀ ਇਹੋ ਸੁਨੇਹਾ ਦਿੰਦੀ ਹੈ। ਜਿਥੇ ਸਾਰੇ ਇਕੱਠੇ ਬੈਠਦੇ ਹਨ ਅਤੇ "ਪੰਗਤ" ਜਿਥੇ ਸਾਰੇ ਇਕੱਠੇ ਬੈਠ ਕੇ ਲੰਗਰ (ਭੋਜਨ) ਛਕਦੇ ਹਨ।

ਈਸਾਈਆਂ ਵਿਚ ਅੰਮ੍ਰਿਤ ਇਕ ਲਾਜ਼ਮੀ ਮਰਿਆਦਾ ਹੈ ਇਸ ਤੋਂ ਬਿਨਾਂ ਕੋਈ ਵਿਅਕਤੀ ਈਸਾਈ ਨਹੀਂ ਬਣ ਸਕਦਾ। ਅੰਮ੍ਰਿਤ ਛਕਣ ਨਾਲ ਹੀ ਕੋਈ "ਈਸਾਈਆਂ ਵਿਚ ਪ੍ਰਵੇਸ਼ ਹੋਇਆ" ਸਮਝਿਆ ਜਾਂਦਾ ਹੈ ਪਰੰਤੂ ਸਿੱਖ ਧਰਮ ਵਿਚ ਜਿਸ ਨੇ ਅੰਮ੍ਰਿਤ ਨਾ ਵੀ ਛਕਿਆ ਹੋਵੇ ਉਸ ਨੂੰ ਵੀ ਸਿੱਖ ਸਮਝਿਆ ਜਾਂਦਾ ਹੈ। ਇਹ ਧਾਰਮਿਕ ਰੀਤੀ-ਰਿਵਾਜ਼ ਬੰਦਸ਼ ਵਾਲੇ ਰੀਤੀ-ਰਿਵਾਜ਼ ਨਾਲੋਂ ਕਿਤੇ ਅੱਛਾ ਹੈ। ਈਸਾਈ ਧਰਮ ਦੀ ਤਰ੍ਹਾਂ "ਅੰਮ੍ਰਿਤ" ਦੀ ਮਹੱਤਤਾ ਹੈ ਕਿ ਵਿਅਕਤੀ ਆਪਣੇ ਆਪ ਨੂੰ ਸੰਸਾਰਕ ਬੁਰਾਈਆਂ ਵਿਰੁੱਧ ਨੈਤਿਕ ਤੌਰ ਤੇ ਜੂਝਣ ਲਈ ਜੁਟਾਉਂਦਾ ਹੈ ਅਤੇ ਰੂਹਾਨੀ ਭਾਵਨਾ ਵਿਚ ਇਕ ਖਾੜਕੂ ਅਖਵਾਉਂਦਾ ਹੈ।

ਬਦਕਿਸਮਤੀ ਨਾਲ, "ਅੰਮ੍ਰਿਤਧਾਰੀ" (ਜਿਸ ਨੇ ਅੰਮ੍ਰਿਤ ਛਕਿਆ ਹੋਵੇ) ਦੀ ਪਰਿਭਾਸ਼ਾ ਸਰਕਾਰ ਨੇ "ਅੱਤਵਾਦੀ" ਵਜੋਂ ਕੀਤੀ (ਵੇਖੋ **ਬਾਤਚੀਤ** - ਆਰਮੀ ਸਰਕਲ) ਅਤੇ ਜਿਸ ਨੂੰ ਆਪਣੀ ਲਪੇਟ ਵਿਚ ਲੈਣ ਲਈ ਸਰਕਾਰ ਨੇ "ਸ਼ੁਭ ਅਵਸਰ" ਐਲਾਨ ਕੀਤਾ"।

ਹਿਊਮਨ ਰਾਈਟਸ ਵਾਚ / ਏਸ਼ੀਆ ਐਂਡ ਫੀਜ਼ੀਸ਼ਿਅਨਜ਼ ਫਾਰ ਹਿਊਮਨ ਰਾਈਟਸ ਦੀ ਇਕ ਟੀਮ ਦੁਆਰਾ ਇੰਟਰਵਿਊ ਕੀਤੇ ਗਏ ਇਕ ਪੁਲਿਸ ਅਫਸਰ ਨੇ ਕਿਹਾ:

"ਗਿਰਫਤਾਰ ਕੀਤੇ ਗਏ ਵਿਅਕਤੀਆਂ ਵਿਚੋਂ 40% ਅੱਤਵਾਦੀ ਹਨ, 50 ਪ੍ਰਤਿਸ਼ਤ ਉਹ ਹਨ ਜਿਨ੍ਹਾਂ ਬਾਰੇ ਅੱਤਵਾਦੀਆਂ ਨਾਲ ਰਲੇ ਹੋਣ ਦਾ ਸ਼ੱਕ ਹੈ ਅਤੇ 10 ਪ੍ਰਤਿਸ਼ਤ ਉਹ ਲੋਕ ਹਨ ਜਿਹੜੇ ਪੁਲਿਸ ਦੇ ਟਾਊਟ ਹਨ ਲੇਕਿਨ ਪੁਲਿਸ ਨੇ ਉਨ੍ਹਾਂ ਨੂੰ ਆਪਣੇ ਕਬਜ਼ੇ ਵਿਚ ਇਸ ਕਰਕੇ ਰੱਖਿਆ ਹੈ ਤਾ ਕਿ ਉਨ੍ਹਾਂ ਦਾ ਪਤਾ ਨਾ ਲੱਗ ਸਕੇ। ਅੱਤਵਾਦੀਆਂ ਨਾਲ ਰਲੇ 50 ਪ੍ਰਤਿਸ਼ਤ ਸ਼ੱਕੀ ਲੋਕ ਦੋ ਕਿਸਮ ਦੇ ਹਨ - ਅੰਮ੍ਰਿਤਧਾਰੀ ਸਿੱਖ ਅਤੇ ਅੱਤਵਾਦੀਆਂ ਨਾਲ ਰਲੇ ਹੋਏ ਸ਼ੱਕੀ ਲੋਕ।

"ਅੰਮ੍ਰਿਤਧਾਰੀ ਸਿੱਖਾਂ ਤੇ ਪੁਲਿਸ ਨੇ ਇਸ ਕਰਕੇ ਸ਼ੱਕ ਕੀਤਾ ਕਿਉਂਕਿ ਉਹ ਵੇਖਣ ਵਿਚ ਕੱਟੜ ਲਗਦੇ ਸਨ। ਪੁਲਿਸ ਅਥਾਰਟੀਜ਼ ਨੇ ਉਨ੍ਹਾਂ ਨੂੰ ਦੱਸੇ ਗਏ ਵਿਸ਼ੇਸ਼ ਇਲਾਕੇ ਵਿਚ ਸਾਰੇ ਅੰਮ੍ਰਿਤਧਾਰੀ ਸਿੱਖਾਂ ਤੇ ਕਰੜੀ ਨਿਗਾਹ ਰੱਖੀ। ਉਨ੍ਹਾਂ ਨੂੰ ਖ਼ਾਲਿਸਤਾਨ ਵਜੋਂ ਜਾਣੇ ਜਾਂਦੇ ਇਕ ਸੁਤੰਤਰ ਰਾਜ ਲਈ ਅੰਦੋਲਨ ਦੇ ਹਮਾਇਤੀ ਸਮਝਿਆ ਗਿਆ। ਜਦ ਕਦੀ ਪੁਲਿਸ ਨੂੰ ਕਿਸੇ ਤੇ ਸ਼ੱਕ ਨਾ ਹੁੰਦਾ ਜਾਂ 'ਗਿਰਫਤਾਰੀ ਕੋਟਾ' ਪੂਰਾ ਕਰਨ ਲਈ ਕਿਸੇ ਨੂੰ ਪਕੜਨ ਦੀ ਲੋੜ ਹੁੰਦੀ ਤਾਂ ਅੰਮ੍ਰਿਤਧਾਰੀ ਸਿੱਖਾਂ ਨੂੰ ਅਕਸਰ ਸ਼ਿਕਾਰ ਬਣਾਇਆ ਜਾਂਦਾ। ਜਦ ਕਦੀ ਇਕ ਵਾਰ ਇਕ ਅੰਮ੍ਰਿਤਧਾਰੀ ਸਿੱਖ ਨੂੰ ਗਿਰਫਤਾਰ ਕਰ ਲਿਆ ਜਾਂਦਾ ਤਾਂ ਇਹ ਸੰਭਵ ਸੀ ਕਿ ਉਸ ਨੂੰ ਰਿਹਾ ਕਰਨ ਤੋਂ ਬਾਅਦ ਫਿਰ ਗਿਰਫਤਾਰ ਕਰ ਲਿਆ ਜਾਵੇਗਾ।"

ਸਾਰੇ ਗ੍ਰੰਥੀ ਅੰਮ੍ਰਿਤਧਾਰੀ ਹਨ .... ਪੰਜਾਬ ਦੇ ਸਾਰੇ ਮੁੱਖ ਮੰਤਰੀ, ਗਿਆਨੀ ਜ਼ੈਲ ਸਿੰਘ, ਭਾਰਤ ਦੇ ਰਾਸ਼ਟਰਪਤੀ, ਬੂਟਾ ਸਿੰਘ, ਕੇਂਦਰੀ ਮੰਤਰੀ, ਅੰਮ੍ਰਿਤਧਾਰੀ ਸਨ।

ਜਦ ਕਦੀ ਸੁਰੱਖਿਆ ਬਲ ਕਿਸੇ ਪਿੰਡ ਤੇ ਧਾਵਾ ਬੋਲਦੇ, ਉਥੋਂ ਦੇ ਪੰਜ ਪਿਆਰਿਆਂ ਅਤੇ ਗ੍ਰੰਥੀਆਂ ਨੂੰ ਪਤਾ ਹੁੰਦਾ ਸੀ ਕਿ ਹੁਣ ਉਨ੍ਹਾਂ ਦੀ ਸ਼ਾਮਤ ਆ ਗਈ ਹੈ ਅਤੇ ਪੁਲਿਸ ਉਨ੍ਹਾਂ ਨੂੰ ਆਪਣੀ ਗੱਡੀ ਵਿਚ ਸੁੱਟ ਕੇ ਲੈ ਜਾਵੇਗੀ। ਲਹਿਰਾ ਹਲਕੇ ਵਿਚ, ਅੰਮ੍ਰਿਤ ਛਕਾਉਣ ਵਾਲੇ ਜਥਿਆਂ ਵਿਚੋਂ ਬਹੁਤ ਸਾਰੇ ਮਾਰ ਦਿੱਤੇ ਗਏ ਅਤੇ ਕੁਝ ਗਾਇਬ ਕਰ ਦਿੱਤੇ ਗਏ। ਉਨ੍ਹਾਂ ਵਿਚੋਂ ਕਈਆਂ ਨੂੰ ਉਦੋਂ ਤਕ ਤੰਗ ਕੀਤਾ ਗਿਆ ਜਿੰਨਾਂ ਚਿਰ ਉਨ੍ਹਾਂ ਨੇ ਸਿੱਖੀ ਦਾ ਪ੍ਰਚਾਰ ਨਾ ਕਰਨ ਲਈ ਵਾਅਦਾ ਕਰਨ ਵਾਲੇ ਬਿਆਨਾਂ ਤੇ ਦਸਤਖ਼ਤ

ਨਹੀਂ ਕਰ ਦਿੱਤੇ।

ਪਿੰਡ ਕੜੈਲ, ਉਪ-ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ ਦਾ ਇਕ 40 ਸਾਲਾ ਵਸਨੀਕ ਰਣਜੀਤ ਸਿੰਘ ਇਕ ਛੋਟਾ ਜ਼ਿਮੀਂਦਾਰ ਸੀ ਜਿਸ ਨੇ ਅੰਮ੍ਰਿਤ ਛਕਾਉਣ ਵਾਲੇ ਜੱਥੇ ਵਿਚ ਸੇਵਾ ਕੀਤੀ ਸੀ। ਉਸ ਨੇ ਦਮਦਮੀ ਟਕਸਾਲ ਤੋਂ ਸਿੱਖੀ ਮਰਿਆਦਾ ਅਤੇ ਪਾਠ-ਪੂਜਾ ਕਰਨ ਦੀ ਸਿਖਿਆ ਲਈ ਸੀ। ਉਸ ਦੇ ਪਿੰਡ ਦੇ ਮੁਖੀ ਅਨੁਸਾਰ ਰਣਜੀਤ ਸਿੰਘ ਦਾ ਅੱਤਵਾਦੀਆਂ ਨਾਲ ਕਿਸੇ ਤਰ੍ਹਾਂ ਦਾ ਕੋਈ ਸਬੰਧ ਨਹੀਂ ਸੀ ਅਤੇ ਉਹ ਇਕ ਅਮਨ-ਚੈਨ ਅਤੇ ਕਾਨੂੰਨ ਦੇ ਘੇਰੇ ਵਿਚ ਰਹਿਣ ਵਾਲਾ ਵਿਅਕਤੀ ਸੀ। ਉਸ ਨੂੰ ਆਖਰੀ ਵਾਰ ਸੁਨਾਮ ਦੀ ਪੁਲਿਸ ਦੁਆਰਾ ਲਈ ਜਾਂਦਿਆਂ 13 ਮਈ, 1993 ਨੂੰ ਦੇਖਿਆ ਗਿਆ।

ਉਸ ਦੀ ਪਤਨੀ ਨੇ ਮਨੁੱਖੀ ਅਧਿਕਾਰ ਕਾਰਜਕਰਤਾਵਾਂ ਨੂੰ ਦੱਸਿਆ ਕਿ ਉਸ ਨੂੰ ਪਹਿਲੀ ਵਾਰ ਸਮਾਣਾ ਪੁਲਿਸ ਨੇ ਦਸੰਬਰ, 1992 ਵਿਚ ਗਿਰਫਤਾਰ ਕੀਤਾ ਸੀ ਅਤੇ 8 ਦਿਨ ਹਿਰਾਸਤ ਵਿਚ ਰਖਿਆ ਸੀ। ਕੁਝ ਦਿਨਾਂ ਮਗਰੋਂ ਉਸ ਨੂੰ ਫਿਰ ਗਿਰਫਤਾਰ ਕਰ ਲਿਆ ਗਿਆ ਅਤੇ ਛੇ ਹਫਤਿਆਂ ਲਈ ਰੱਖੀ ਰੱਖਿਆ ਅਤੇ ਇਸ ਸੂਰਤ ਤੇ ਰਿਹਾ ਕਰ ਦਿੱਤਾ ਕਿ ਉਹ ਹਰ ਰੋਜ਼ ਮੂਨਕ ਥਾਣੇ ਵਿਚ ਆਪਣੀ ਹਾਜ਼ਰੀ ਲਗਵਾਏਗਾ ਅਤੇ ਉਸ ਨੇ ਨੌਂ ਦਿਨ ਇਸੇ ਤਰ੍ਹਾਂ ਕੀਤਾ। ਮਈ 13 ਨੂੰ ਦੋ ਡੀ ਐਸ ਪੀਜ਼ (ਬਲਦੇਵ ਸਿੰਘ ਅਤੇ ਜਗਦੀਸ਼) ਦੀ ਅਗਵਾਈ ਹੇਠ ਕੋਈ 30 ਪੁਲਿਸ ਵਾਲੇ ਸ਼ਾਮ ਨੂੰ ਉਸਦੇ ਘਰ ਆਏ ਅਤੇ ਉਸ ਨੂੰ ਘਰ ਵਿਚ ਹੀ ਰਹਿਣ ਲਈ ਕਿਹਾ ਕਿਉਂਕਿ ਸੁਪਰਡੰਟ ਪੁਲਿਸ ਕਿਸੇ ਵੇਲੇ ਵੀ ਉਸ ਨੂੰ ਚੈੱਕ ਕਰਨ ਲਈ ਆ ਸਕਦੇ ਸਨ।

14 ਮਈ ਦੀ ਰਾਤ ਨੂੰ 1 ਵਜੇ ਦੋ ਪਿੰਡ ਵਾਲਿਆਂ (ਕੌਰ ਸਿੰਘ ਅਤੇ ਮੁਖਤਿਆਰ ਸਿੰਘ) ਨਾਲ 15 ਪੁਲਸੀਏ ਆਏ ਅਤੇ ਰਣਜੀਤ ਸਿੰਘ ਨੂੰ ਨਾਲ ਲੈ ਗਏ। ਪੰਚਾਇਤ ਨੇ ਉਸ ਨੂੰ ਮੂਨਕ ਪੁਲਿਸ ਸਟੇਸ਼ਨ 'ਚੋਂ ਲੱਭਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਐਸ ਐਸ ਪੀ ਸੰਗਰੂਰ ਦੇ ਦਫਤਰ ਤੋਂ ਵੀ ਪਤਾ ਕੀਤਾ ਜਿਸ ਨੇ ਉਨ੍ਹਾਂ ਨੂੰ ਪਹਿਲਾਂ ਕਿਹਾ ਸੀ ਕਿ ਉਹ ਇਸ ਦੀ ਪੜਤਾਲ ਕਰੇਗਾ ਅਤੇ ਬਾਅਦ ਵਿਚ ਕਿਹਾ ਕਿ ਉਸ ਨੂੰ ਰਣਜੀਤ ਸਿੰਘ ਬਾਰੇ ਕੁਝ ਵੀ ਪਤਾ ਨਹੀਂ ਹੈ ਅਤੇ ਸੁਝਾਅ ਦਿੱਤਾ ਕਿ ਉਸ ਨੂੰ ਸ਼ਾਇਦ ਹਰਿਆਣਾ ਦੀ ਪੁਲਿਸ ਨੇ ਚੁੱਕ ਲਿਆ ਹੋਵੇਗਾ। ਰਣਜੀਤ ਸਿੰਘ ਉਸ ਤੋਂ ਬਾਅਦ ਕਦੀ ਵੀ ਨਹੀਂ ਲੱਭਾ ਅਤੇ ਉਸ ਦਾ ਕੇਸ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਦੱਸਿਆ: "ਕਿ ਜਾਂਚ ਵਿਚ ਇਹ ਸਾਬਤ ਹੋਇਆ ਕਿ ਰਣਜੀਤ ਸਿੰਘ ਸਿੱਖੀ ਦਾ ਪ੍ਰਚਾਰਕ ਸੀ ਅਤੇ ਸਿੱਖੀ ਦਾ ਪ੍ਰਚਾਰਕ ਹੋਣ ਦੇ ਨਾਤੇ ਪੁਲਿਸ ਨੂੰ ਉਸ ਤੇ ਸ਼ੱਕ ਹੋ ਗਿਆ ਅਤੇ ਉਹ ਕ੍ਰੋਧ ਵਿਚ ਆ ਗਈ। ਰਣਜੀਤ ਸਿੰਘ ਨੂੰ ਪੁਲਿਸ ਰਿਕਾਰਡ ਮੁਤਾਬਕ ਅੱਤਵਾਦੀਆਂ ਨੂੰ ਪਨਾਹ ਦੇਣ ਵਾਲਾ ਵਿਅਕਤੀ ਦਿਖਾਇਆ ਗਿਆ। ਇਸ ਦਾ ਇਸ ਗੱਲ ਤੋਂ ਵੀ ਪਤਾ ਲਗਾਇਆ ਜਾ ਸਕਦਾ ਹੈ ਕਿ

ਰਣਜੀਤ ਸਿੰਘ ਨੂੰ ਅਸਲ ਵਿਚ ਪੁਲਿਸ ਨੇ 13/14.5.93 ਦੀ ਰਾਤ ਨੂੰ ਚੁੱਕਿਆ ਸੀ ਅਤੇ ਕਈ ਹੋਰ ਗਵਾਹੀਆਂ ਤੋਂ ਇਲਾਵਾ ਇਸ ਤੱਥ ਦਾ ਨਿਰਪੱਖ ਗਵਾਹੀਆਂ ਦੁਆਰਾ ਸਮਰਥਨ ਕੀਤਾ ਗਿਆ। 13.5.93 ਦੀ ਸ਼ਾਮ ਨੂੰ ਡੀ ਐਸ ਪੀ ਬਲਦੇਵ ਸਿੰਘ ਅਤੇ ਡੀ ਐਸ ਪੀ ਜਗਦੀਸ਼ ਸਿੰਘ ਦੇ ਰਣਜੀਤ ਸਿੰਘ ਦੇ ਘਰ ਆਉਣ ਬਾਰੇ ਰਣਜੀਤ ਸਿੰਘ ਦੇ ਭਰਾਵਾਂ, ਪੁੱਤਰ ਅਤੇ ਪਤਨੀ ਅਤੇ ਮਾਤਾ ਦੇ ਬਿਆਨਾਂ ਤੋਂ ਵੀ ਪਤਾ ਲਗਦਾ ਹੈ ਪਰੰਤੂ ਡੀ ਐਸ ਪੀ ਬਲਦੇਵ ਸਿੰਘ ਨੇ ਆਪਣੇ ਬਿਆਨ ਵਿਚ ਇਸ ਦਾ ਖੰਡਨ ਕੀਤਾ ਹੈ। ਅਸਲੀਅਤ ਇਹ ਹੈ ਕਿ ਡੀ ਐਸ ਪੀ ਬਲਦੇਵ ਸਿੰਘ ਉਸ ਸਮੇਂ ਡੀ ਐਸ ਪੀ ਮੂਨਕ ਵਜੋਂ ਤਾਇਨਾਤ ਸੀ ਅਤੇ ਡੀ ਐਸ ਪੀ ਜਗਦੀਸ਼ ਸਿੰਘ ਉਦੋਂ ਸੁਨਾਮ ਲੱਗਾ ਹੋਇਆ ਸੀ। ਧਾਰਾ 212, 216 ਆਈ ਪੀ ਸੀ, 3/4 ਟਾਡਾ (P) ਐਕਟ ਦੇ ਅਧੀਨ ਐਫ ਆਈ ਆਰ (ਨੰ:22 ਮਿਤੀ 13.4.93) ਤੋਂ ਇਲਾਵਾ ਰਣਜੀਤ ਸਿੰਘ ਵਿਰੁੱਧ ਹੋਰ ਕੋਈ ਮੁਜਰਮਾਨਾ ਰਿਕਾਰਡ ਨਹੀਂ ਹੈ। ਇਹ ਜਾਪਦਾ ਹੈ ਕਿ ਮੂਨਕ, ਸੁਨਾਮ ਅਤੇ ਸਮਾਣਾ ਪੁਲਿਸ ਦੁਆਰਾ ਉਸ ਦੀ ਪਹਿਲੀ ਗਿਰਫਤਾਰੀ ਰਿਕਾਰਡ ਤੇ ਨਹੀਂ ਸੀ ਲਿਆਂਦੀ ਗਈ, ਜਿਵੇਂ ਕਿ ਇਹ ਉਸ ਵੇਲੇ ਪੁਲਿਸ ਦੀ ਆਮ ਪ੍ਰਥਾ ਸੀ ... ਇਸ ਦੀ ਬਹੁਤ ਸੰਭਾਵਨਾ ਸੀ ਕਿ ਕਿਉਂਕਿ ਰਣਜੀਤ ਸਿੰਘ ਨੂੰ ਗੈਰ-ਕਾਨੂੰਨੀ ਢੰਗ ਵਿਚ ਚੁੱਕਿਆ ਗਿਆ ਸੀ, ਉਸ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਯਕੀਨੀ ਹੈ ਕਿ ਉਹ ਜ਼ਿੰਦਾ ਨਹੀਂ ਹੈ।

*ਅਧਿਆਪਕ*

ਅਧਿਆਪਕ ਆਪਣੀਆਂ ਬਹੁਤ ਸ਼ਕਤੀਸ਼ਾਲੀ ਲੇਬਰ ਯੂਨੀਅਨਾਂ ਤੋਂ ਸੁਰੱਖਿਆ ਲੈਂਦੇ ਹਨ। ਪ੍ਰੋਫੈਸਰ, ਜਿਨ੍ਹਾਂ ਦੀਆਂ ਆਲ-ਸਟੇਟ ਯੂਨੀਅਨਜ਼ ਨਹੀਂ ਹਨ, ਨੂੰ ਚੁੱਕਣਾ / ਮਾਰਨਾ ਸਭ ਤੋਂ ਆਸਾਨ ਸੀ। ਕਈਆਂ ਨੂੰ ਅੱਤਵਾਦੀਆਂ ਵਜੋਂ ਮਾਰਿਆ ਗਿਆ। ਇਹ ਕੇਵਲ ਬਾਅਦ ਵਿਚ ਹੋਇਆ ਜਦੋਂ ਪੁਲਿਸ ਬਹੁਤ ਤਾਕਤਵਰ ਹੋ ਗਈ ਅਤੇ ਉਸ ਨਾਲ ਚਾਰੇ ਪਾਸਿਓਂ ਮੁਕਾਬਲਾ ਕਰਨਾ ਔਖਾ ਹੋ ਗਿਆ ਅਤੇ ਅਧਿਆਪਕਾਂ ਅਤੇ ਪ੍ਰੋਫੈਸਰਾਂ ਦੀਆਂ ਗਿਰਫਤਾਰੀਆਂ ਸ਼ੁਰੂ ਹੋ ਗਈਆਂ। ਇਹ ਦਿਲਚਸਪੀ ਵਾਲੀ ਗੱਲ ਹੈ ਕਿ ਖਾੜਕੂਆਂ ਦੇ ਬਹੁਤੇ ਨੇਤਾ ਚੰਗੇ ਪੜ੍ਹੇ-ਲਿਖੇ ਸਨ। ਕਈ ਪ੍ਰੋਫੈਸਰ "ਭਾਵੁਕ" ਹੋ ਗਏ ਪਰੰਤੂ ਯੂਨੀਵਰਸਟੀਆਂ ਚੁੱਪ ਰਹੀਆਂ।

ਇਸ ਦਾ ਇਕ ਮੁੱਖ ਕਾਰਣ ਇਹ ਸੀ ਕਿ ਸਰਕਾਰ ਦੁਆਰਾ ਭਾਰਤੀ ਯੂਨੀਵਰਸਟੀਆਂ ਦੇ ਉਪ-ਕੁਲਪਤੀ ਲਗਾਉਣ ਵਿਚ ਵਿਦਿਅਕ ਰਿਕਾਰਡ ਦੇ ਇਕ ਮਾਮੂਲੀ ਜਿਹੇ ਆਧਾਰ ਤੇ ਮਨ-ਮਰਜ਼ੀ ਕੀਤੀ ਜਾਂਦੀ ਹੈ; ਦੂਜਾ ਕਾਰਣ ਇਹ ਹੈ ਕਿ ਪੰਜਾਬ ਯੂਨੀਵਰਸਿਟੀ ਦੇ ਅਮਲੇ ਵਿਚ 95 ਪ੍ਰਤਿਸ਼ਤ ਗੈਰ-ਸਿੱਖ ਹਨ। ਇਸ ਯੂਨੀਵਰਸਿਟੀ ਦਾ ਆਜ਼ਾਦ ਭਾਰਤ ਦੇ 50 ਸਾਲਾਂ ਵਿਚ ਕਦੀ ਕੋਈ ਸਿੱਖ ਵਾਈਸ-ਚਾਂਸਲਰ ਨਹੀਂ ਹੋਇਆ। ਜਿਥੇ ਅਜਿਹਾ ਨਹੀਂ ਹੋਇਆ,

ਵਿਸ਼ੇਸ਼ ਕਰਕੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਜਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਉਥੇ ਇਸ ਦਾ ਲਗਾਤਾਰ ਵਿਰੋਧ ਹੋਇਆ।

6 ਫਰਵਰੀ, 1989 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਵਿਭਾਗ ਵਿਚ ਰਜਿੰਦਰ ਪਾਲ ਸਿੰਘ ਗਿੱਲ, ਸਹਾਇਕ ਪ੍ਰੋਫੈਸਰ ਦੀ ਪਤਨੀ ਰਜਿੰਦਰ ਕੌਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਕ ਹੈਬੀਅਸ ਕੌਰਪਸ ਪੈਟੀਸ਼ਨ ਕੀਤੀ ਕਿ ਉਸ ਦਾ ਪਤੀ 25 ਜਨਵਰੀ ਨੂੰ ਆਪਣੀ ਭੈਣ, ਜੋ ਪੰਜਾਬ ਯੂਨੀਵਰਸਿਟੀ ਵਿਚ ਪੜ੍ਹ ਰਹੀ ਸੀ, ਨੂੰ ਮਿਲਣ ਚੰਡੀਗੜ੍ਹ ਆਏ ਸਨ। ਲੁਧਿਆਣਾ ਪੁਲਿਸ ਨੇ ਉਸੇ ਦਿਨ ਉਸ ਨੂੰ ਸੈਕਟਰ 15 ਤੋਂ ਚੁੱਕ ਲਿਆ।

ਉਸ ਨੇ ਕਿਹਾ ਕਿ ਉਸ ਨੂੰ ਪਤਾ ਲੱਗਾ ਕਿ ਐਸ ਐਸ ਪੀ ਲੁਧਿਆਣਾ ਨੇ ਉਸ ਦੀ ਪੁੱਛ-ਗਿੱਛ ਕੀਤੀ ਹੈ ਪਰੰਤੂ ਜਦੋਂ ਉਹ ਐਸ ਐਸ ਪੀ ਨੂੰ ਮਿਲੀ ਕਿ ਉਸ ਨੂੰ ਆਪਣੇ ਪਤੀ ਨੂੰ ਮਿਲਣ ਦੀ ਆਗਿਆ ਦਿੱਤੀ ਜਾਵੇ ਤਾਂ ਐਸ ਐਸ ਪੀ ਨੇ ਉਸਨੂੰ ਇਸ ਦੇ ਗੰਭੀਰ ਸਿੱਟੇ ਨਿਕਲਣ ਦੀ ਧਮਕੀ ਦਿੱਤੀ। ਉਸ ਨੂੰ ਡਰ ਹੋ ਗਿਆ ਕਿ ਉਸ ਦੇ ਪਤੀ ਨੂੰ ਮਾਰ ਦਿੱਤਾ ਜਾਵੇਗਾ ਜਾਂ ਝੂਠੇ ਮੁਕਾਬਲੇ ਵਿਚ ਪਹਿਲਾਂ ਹੀ ਮਾਰ ਦਿੱਤਾ ਗਿਆ ਹੋਵੇਗਾ ਅਤੇ ਲੁਧਿਆਣਾ ਪੁਲਿਸ ਦੀ ਐਫ ਆਈ ਆਰ-45 ਵਿਚ ਦਰਜ ਮੁਕਾਬਲੇ ਦਾ ਜ਼ਿਕਰ ਕੀਤਾ ਜਿਸ ਵਿਚ ਮਾਰੇ ਗਏ ਅੱਤਵਾਦੀਆਂ ਦੀ ਪਹਿਚਾਣ ਨਹੀਂ ਦਰਸਾਈ ਗਈ ਸੀ।

15 ਫਰਵਰੀ, 1989 ਨੂੰ ਐਸ ਐਸ ਪੀ, ਲੁਧਿਆਣਾ ਐਸ. ਐਸ. ਸੈਣੀ ਨੇ ਇਕ ਪ੍ਰੈਸ ਕਾਨਫ੍ਰੰਸ ਵਿਚ ਐਲਾਨ ਕੀਤਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਵਿਭਾਗ ਵਿਚ ਸਹਾਇਕ ਡਾਇਰੈਕਟਰ ਰਜਿੰਦਰ ਪਾਲ ਸਿੰਘ ਗਿੱਲ ਪਿੰਡ ਖਹਿਰਾ ਬੇਟ, ਜ਼ਿਲ੍ਹਾ ਲੁਧਿਆਣਾ ਨੇੜੇ 26 ਜਨਵਰੀ ਦੀ ਰਾਤ ਨੂੰ ਹੋਏ ਇਕ ਮੁਕਾਬਲੇ ਵਿਚ ਮਾਰੇ ਗਏ ਤਿੰਨ ਅੱਤਵਾਦੀਆਂ ਵਿਚ ਸੀ। ਉਸ ਨੇ ਦਾਅਵਾ ਕੀਤਾ ਕਿ ਗਿੱਲ ਬੀ.ਜੇ.ਪੀ. ਦੇ ਪ੍ਰਧਾਨ ਹਿੱਤ ਅਭਿਲਾਸ਼ੀ ਅਤੇ ਮੇਜਰ ਜਨਰਲ ਬੀ.ਐਨ. ਕੁਮਾਰ, ਚੇਅਰਮੈਨ, ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਹੱਤਿਆ ਲਈ ਜ਼ਿੰਮੇਵਾਰ ਗਿਰੋਹ ਦਾ ਨੇਤਾ ਸੀ ਅਤੇ ਉਸ ਨੇ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਜਗਦੇਵ ਸਿੰਘ ਤੇ ਹਮਲਾ ਕਰਨ ਦੀ ਵੀ ਵਿਉਂਤ ਬਣਾਈ ਸੀ।

ਪੀ ਐਚ ਆਰ ਓ ਨੇ ਮਾਮਲੇ ਦੀ ਜਾਂਚ ਕੀਤੀ। ਗਵਾਹਾਂ ਨੇ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਦੇ ਥਾਣੇ ਪਾਇਲ ਦੇ ਐਸ ਐਚ ਓ ਸੰਤ ਕੁਮਾਰ ਨੇ ਉਸ ਪਾਰਟੀ ਦੀ ਅਗਵਾਈ ਕੀਤੀ ਸੀ ਜਿਸ ਨੇ ਸੈਕਟਰ 15 ਵਿਚ ਦੁਪਹਿਰ ਵੇਲੇ ਗਿੱਲ ਨੂੰ ਗਿਰਫਤਾਰ ਕੀਤਾ ਅਤੇ ਉਸ ਟਰੈਕਟਰ ਨੂੰ ਜ਼ਬਤ ਕਰ ਲਿਆ ਜਿਸ ਵਿਚ ਉਹ ਜਾ ਰਿਹਾ ਸੀ।

ਇਕ ਵਕੀਲ ਮੇਜਰ ਸਿੰਘ ਮਾਂਗਟ ਜਿਹੜਾ 20 ਜਨਵਰੀ ਨੂੰ ਕੋਈ

10.00 ਵਜੇ ਰਾਤ ਨੂੰ ਲੁਧਿਆਣਾ ਪੁਲਿਸ ਥਾਣੇ ਗਿਆ ਸੀ, ਨੇ ਉਹ ਟਰੈਕਟਰ ਥਾਣੇ ਵਿਚ ਖੜ੍ਹਾ ਦੇਖਿਆ ਅਤੇ ਐਸ ਐਚ ਓ ਟਰੈਕਟਰ ਉਥੇ ਲਿਆਉਣ ਲਈ ਆਪਣੇ ਜੂਨੀਅਰਾਂ ਦੀ ਝਾੜ-ਝੰਬ ਕਰ ਰਿਹਾ ਸੀ ਕਿਉਂਕਿ ਇਹ ਟਰੈਕਟਰ ਲੁਧਿਆਣਾ ਨੇੜੇ ਲਾਢੂਵਾਲ ਲੈ ਕੇ ਜਾਣਾ ਸੀ। (ਲਾਢੂਵਾਲ ਉਥੋਂ ਬਹੁਤ ਨੇੜੇ ਹੈ ਜਿਥੇ ਕਿ ਇਹ "ਮੁਕਾਬਲਾ" ਹੋਇਆ)।

ਜਨਵਰੀ 25 ਨੂੰ 10.30 ਵਜੇ ਰਾਤ ਗਿੱਲ ਅਤੇ ਕੁਝ ਹੋਰਨਾਂ ਨੂੰ ਲੁਧਿਆਣਾ ਦੇ ਸੀ ਆਈ ਏ ਦੇ ਮੁੱਖ ਦਫਤਰ ਵਿਚ ਲਿਆਂਦਾ ਗਿਆ। ਯੂਨਾਈਟਿਡ ਅਕਾਲੀ ਦਲ ਦੇ ਨੇਤਾ ਦੇ ਇਕ ਨੇੜੇ ਦੇ ਰਿਸ਼ਤੇਦਾਰ ਹਰਪ੍ਰੀਤ ਸਿੰਘ ਨੇ 26 ਜਨਵਰੀ ਨੂੰ 9.00 ਵਜੇ ਸਵੇਰੇ ਉਸ ਨੂੰ ਉਥੇ ਦੇਖਿਆ।

ਗਿੱਲ ਜੋ ਪਿੰਡ ਜੁਗਿਆਣਾ, ਜ਼ਿਲ੍ਹਾ ਲੁਧਿਆਣਾ ਦਾ ਰਹਿਣ ਵਾਲਾ ਸੀ, ਯੂਨਾਈਟਿਡ ਅਕਾਲੀ ਦਲ ਦੇ ਸਲਾਹਕਾਰ ਬੋਰਡ ਦਾ ਮੈਂਬਰ ਸੀ। ਲੁਧਿਆਣਾ ਦੇ ਇਕ ਬੈਂਕ ਵਿਚ 5.70 ਕਰੋੜ ਰੁਪਏ ਦੇ ਡਾਕੇ ਤੋਂ ਬਾਅਦ (ਫਰਵਰੀ, 1987) ਉਸ ਨੂੰ ਤਿੰਨ ਦਿਨ ਹਿਰਾਸਤ ਵਿਚ ਰਖਿਆ ਗਿਆ ਸੀ ਅਤੇ ਉਦੋਂ ਤੋਂ ਉਹ ਪੁਲਿਸ ਦੁਆਰਾ ਤੰਗ ਕੀਤੇ ਜਾਣ ਦੇ ਡਰੋਂ ਲੁਕਿਆ ਹੋਇਆ ਸੀ। ਗਿੱਲ ਅਤੇ ਉਸ ਦੀ ਪਤਨੀ ਤੇ ਸ਼ੱਕ ਦਾ ਇਕ ਹੋਰ ਕਾਰਨ ਇਹ ਸੀ ਕਿ ਰਾਜਿੰਦਰ ਕੌਰ ਦੇ ਭਰਾ ਦੀ ਲੜਕੀ ਦੀ ਸ਼ਾਦੀ ਚਰਨਜੀਤ ਸਿੰਘ ਚੰਨੀ, ਇਕ ਅੱਤਵਾਦੀ, ਜਿਸ ਦੀ ਪੁਲਿਸ ਨੂੰ ਤਲਾਸ਼ ਸੀ, ਨਾਲ ਹੋਈ ਸੀ।

*ਵਕੀਲ*

ਕੁਲਵੰਤ ਸਿੰਘ ਸੈਣੀ: ਸੈਣੀ, ਜਿਸ ਦੀ ਉਮਰ 35 ਸਾਲ ਸੀ, ਰੋਪੜ ਦਾ ਵਸਨੀਕ ਸੀ ਅਤੇ ਰੋਪੜ ਜ਼ਿਲ੍ਹਾ ਕਚਹਿਰੀਆਂ ਵਿਚ ਵਕਾਲਤ ਕਰਦਾ ਸੀ। ਉਹ ਖਾੜਕੂਆਂ ਨਾਲ ਰਲੇ ਹੋਣ ਦੀ ਸ਼ੱਕ ਵਿਚ ਪੁਲਿਸ ਹਿਰਾਸਤ ਵਿਚ ਰੱਖੇ ਲੋਕਾਂ ਦੇ ਕੇਸਾਂ ਦੀ ਪੈਰਵੀ ਕਰਦਾ ਸੀ ਅਤੇ ਪੁਲਿਸ ਨੇ ਉਸ ਨੂੰ ਅਜਿਹਾ ਨਾ ਕਰਨ ਲਈ ਵਾਰ-ਵਾਰ ਚਿਤਾਵਨੀ ਵੀ ਦਿੱਤੀ ਸੀ।

25 ਜਨਵਰੀ, 1993 ਨੂੰ ਪੁਲਿਸ ਨੇ ਰੋਪੜ ਤੋਂ 4 ਕਿਲੋਮੀਟਰ ਦੂਰ ਬੁੱਢਾ ਭੋਰਾ ਪਿੰਡ ਤੋਂ ਮਨਜੀਤ ਕੌਰ ਅਤੇ ਉਸਦੇ ਇਕ ਨਬਾਲਗ ਪੁੱਤਰ ਨੂੰ ਚੁੱਕ ਲਿਆ। ਉਸ ਪਿੰਡ ਦੀ ਪੰਚਾਇਤ ਸੈਣੀ ਨੂੰ ਮਿਲੀ ਅਤੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਰਿਹਾ ਕਰਨ ਵਿਚ ਮਦਦ ਕੀਤੀ ਜਾਵੇ ਕਿਉਂਕਿ ਮਾਤਾ ਅਤੇ ਉਸ ਦੇ ਪੁੱਤਰ ਨੇ ਕੋਈ ਅਪਰਾਧ ਨਹੀਂ ਕੀਤਾ ਹੈ।

25 ਜਨਵਰੀ ਦੀ ਸ਼ਾਮ ਨੂੰ ਕੋਈ 4 ਵਜੇ ਸੈਣੀ ਨੇ ਰੋਪੜ ਦੇ ਡੀ ਐਸ ਪੀ ਜਸਪਾਲ ਸਿੰਘ ਨੂੰ ਟੈਲੀਫੋਨ ਕੀਤਾ ਅਤੇ ਡੀ ਐਸ ਪੀ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਕਿਉਂ ਗਿਰਫਤਾਰ ਕੀਤਾ ਗਿਆ ਹੈ, ਅਤੇ ਉਨ੍ਹਾਂ ਨੂੰ ਰਿਹਾ ਕਰਵਾਉਣ ਲਈ ਕੀ ਕੀਤਾ ਜਾਵੇ। ਡੀ ਐਸ ਪੀ ਨੇ ਸੈਣੀ ਨੂੰ ਕਿਹਾ ਕਿ ਉਹ ਉਸ ਦੀ ਰਿਹਾਇਸ਼ ਤੇ ਆਵੇ। ਸੈਣੀ ਉਥੇ ਗਿਆ ਪਰ ਡੀ ਐਸ ਪੀ ਉਥੋਂ ਚਲੇ ਗਿਆ

ਸੀ। ਸ਼ਾਮ ਨੂੰ ਸੈਣੀ ਨੇ ਬਾਰ ਐਸੋਸਿਏਸ਼ਨ ਦੇ ਪ੍ਰਧਾਨ ਕੇ ਪੀ ਐਸ ਰਾਣਾ ਅਤੇ ਐਡਵੋਕੇਟ ਸੰਤੋਖ ਸਿੰਘ ਗਿੱਲ ਨਾਲ ਸਲਾਹ ਕੀਤੀ ਕਿ ਮਨਜੀਤ ਕੌਰ ਨੂੰ ਕਿਵੇਂ ਰਿਹਾ ਕਰਵਾਇਆ ਜਾਵੇ। ਉਸ ਨੇ ਕਿਹਾ ਕਿ ਉਹ ਡੀ ਐਸ ਪੀ ਨਾਲ ਥਾਣੇ ਵਿਚ ਗੱਲ ਕਰੇਗਾ ਜੇਕਰ ਉਹ ਘਰ ਨਾ ਮਿਲਿਆ। ਸੰਤੋਖ ਸਿੰਘ ਨੇ ਉਸਨੂੰ ਸਲਾਹ ਦਿੱਤੀ ਕਿ ਉਹ ਇਕੱਲਾ ਥਾਣੇ ਨਾ ਜਾਵੇ।

ਕੋਈ 9 ਵਜੇ ਰਾਤ ਨੂੰ ਸੈਣੀ ਨੇ ਰੋਪੜ ਪੁਲਿਸ ਥਾਣੇ ਦੇ ਐਸ ਐਚ ਓ ਨਾਲ ਸੰਪਰਕ ਕੀਤਾ ਅਤੇ ਆਪਣੀ ਡੀ ਐਸ ਪੀ ਨਾਲ ਪਹਿਲਾਂ ਹੋਈ ਗਲ ਬਾਤ ਦਾ ਵਰਣਨ ਕੀਤਾ। ਐਸ ਐਚ ਓ ਨੇ ਉਸ ਨੂੰ ਥਾਣੇ ਆ ਕੇ ਮਨਜੀਤ ਕੌਰ ਅਤੇ ਉਸਦੇ ਲੜਕੇ ਨੂੰ ਲੈ ਜਾਣ ਲਈ ਕਿਹਾ। ਗਿੱਲ ਦੀ ਸਲਾਹ ਤੇ ਅਮਲ ਕਰਦਿਆਂ ਅਤੇ ਇਖਲਾਕੀ ਤੌਰ ਤੇ ਸੋਚਦਿਆਂ ਕਿ ਉਸ ਨੇ ਆਪਣੇ ਨਾਲ ਇਕ ਔਰਤ ਅਤੇ ਉਸਦੇ ਪੁੱਤਰ ਨੂੰ ਲੈ ਕੇ ਆਉਣਾ ਹੈ, ਸੈਣੀ ਨੇ ਆਪਣੀ ਪਤਨੀ ਅਤੇ ਮਾਸੂਮ ਬੱਚੇ ਨੂੰ ਨਾਲ ਲੈ ਲਿਆ ਅਤੇ ਆਪਣੀ ਚਿੱਟੇ ਰੰਗ ਦੀ ਮਾਰੂਤੀ ਕਾਰ (ਡੀ ਏ ਕਿਉ 3804) ਵਿਚ ਥਾਣੇ ਪਹੁੰਚਿਆ। ਚੱਲਣ ਤੋਂ ਪਹਿਲਾਂ ਉਸਨੇ ਆਪਣੇ ਪਿਤਾ ਨੂੰ ਦੱਸਿਆ ਕਿ ਉਹ ਦੋ ਵਿਅਕਤੀਆਂ ਨੂੰ ਥਾਣੇ ਤੋਂ ਲੈਣ ਜਾ ਰਿਹਾ ਹੈ ਅਤੇ ਜਲਦੀ ਵਾਪਸ ਆ ਜਾਵੇਗਾ। ਕੋਈ 9.30 ਵਜੇ ਰਾਤ ਦੇ ਉਹ ਵਾਪਸ ਘਰ ਨੂੰ ਚਲ ਪਏ। ਉਸ ਤੋਂ ਬਾਅਦ ਫਿਰ ਉਹ ਕਦੀ ਨਹੀਂ ਦੇਖੇ ਗਏ।

ਜਦੋਂ ਉਹ ਵਾਪਸ ਨਾ ਮੁੜੇ ਤਾਂ ਸੈਣੀ ਦੇ ਪਿਤਾ ਜਗੀਰ ਸਿੰਘ ਨੂੰ ਚਿੰਤਾ ਹੋ ਗਈ। ਅਗਲੇ ਦਿਨ ਸਵੇਰੇ ਉਹ ਸੰਤੋਖ ਸਿੰਘ ਗਿੱਲ, ਐਡਵੋਕੇਟ ਨੂੰ ਮਿਲਿਆ ਅਤੇ ਉਸ ਨੂੰ ਸਾਰੀ ਗੱਲ ਦੱਸੀ। 27 ਜਨਵਰੀ ਨੂੰ ਜਗੀਰ ਸਿੰਘ, ਗਿੱਲ ਅਤੇ ਰਾਣਾ ਰੋਪੜ ਦੇ ਐਸ ਐਸ ਪੀ ਸੰਜੀਵ ਗੁਪਤਾ ਨੂੰ ਮਿਲੇ। ਐਸ ਐਸ ਪੀ ਨੇ ਨਾਂਹ ਕੀਤੀ ਕਿ ਰੋਪੜ ਪੁਲਿਸ ਨੂੰ ਸੈਣੀ ਦੇ ਥਹੁ-ਟਿਕਾਣੇ ਬਾਰੇ ਪਤਾ ਹੈ ਪਰੰਤੂ ਉਸ ਨੇ ਡੀ ਐਸ ਪੀ ਨੂੰ ਇਸ ਦੀ ਜਾਂਚ ਕਰਨ ਦੀ ਹਦਾਇਤ ਕੀਤੀ। ਉਸੇ ਦਿਨ ਜਗੀਰ ਸਿੰਘ ਐਮ.ਐਮ. ਮਿੱਤਲ, ਐਮ.ਐਲ.ਏ. ਅਤੇ ਪੰਜਾਬ ਬੀ ਜੇ ਪੀ ਦੇ ਪ੍ਰਧਾਨ ਨੂੰ ਵੀ ਮਿਲਿਆ ਅਤੇ ਜੋ ਕੁਝ ਵਾਪਰਿਆ ਉਸ ਨੇ ਦੱਸਿਆ।

ਰੋਪੜ ਬਾਰ ਐਸੋਸਿਏਸ਼ਨ ਨੇ ਅਣਮਿੱਥੇ ਸਮੇਂ ਲਈ ਹੜਤਾਲ ਕੀਤੀ ਅਤੇ ਬਾਅਦ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਆਫ਼ ਇੰਡੀਆ ਦੀਆਂ ਬਾਰ ਐਸੋਸੀਏਸ਼ਨਾਂ ਨੇ ਵੀ ਹੜਤਾਲ ਕੀਤੀ। ਸੈਣੀ ਦੇ ਗਾਇਬ ਹੋਣ ਦੀ ਜਾਂਚ-ਪੜਤਾਲ ਦੀ ਵਕੀਲਾਂ ਦੀ ਮੰਗ ਦੇ ਜਵਾਬ ਵਿਚ ਰੋਪੜ ਦੇ ਐਸ ਐਸ ਪੀ ਨੇ ਇਹ ਐਲਾਨ ਕਰਦਿਆਂ ਇਕ ਬਿਆਨ ਜਾਰੀ ਕੀਤਾ : "ਸੈਣੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਕਾਰਜਕਰਤਾਵਾਂ ਨੂੰ ਪਨਾਹ ਦੇਂਦਾ ਸੀ; ਕੇ ਐਲ ਐਫ ਦਾ ਇਕ ਅੱਤਵਾਦੀ

ਜਸਪਾਲ ਸਿੰਘ ਉਰਫ ਟੈਣੀ ਉਸ ਕੋਲ ਵਾਰ-ਵਾਰ ਆਉਂਦਾ ਸੀ; ਕੇ ਐਲ ਐਫ ਦੇ ਇਕ ਮਾਰੇ ਗਏ ਅੱਤਵਾਦੀ ਜਗਰੂਪ ਸਿੰਘ ਖਲਕ ਦੀ ਪਤਨੀ ਐਡਵੋਕੇਟ ਦੇ ਘਰ ਰਹਿੰਦੀ ਸੀ ਅਤੇ ਉਹ ਰੋਪੜ ਥਰਮਲ ਪਲਾਂਟ ਨੂੰ ਉਡਾਉਣ ਦੀ ਸਾਜ਼ਸ਼ ਵਿਚ ਸ਼ਾਮਲ ਸੀ।" (9 ਫਰਵਰੀ ਦੀ **ਦਿ ਟ੍ਰਿਬਿਊਨ** ਵਿਚ ਛਪਿਆ)।

ਐਸ ਐਸ ਪੀ ਨੇ ਦਾਅਵਾ ਕੀਤਾ ਕਿ ਇਸ ਬਾਰੇ ਇਕ ਗਿਰਫਤਾਰ ਕੀਤੇ ਗਏ ਅੱਤਵਾਦੀ ਹਰਪ੍ਰੀਤ ਸਿੰਘ ਉਰਫ ਲੱਕੀ ਦੀ ਪੁੱਛ-ਗਿੱਛ ਦੌਰਾਨ ਪਤਾ ਲੱਗਾ। ਇਹ ਵਿਅਕਤੀ ਮਨਜੀਤ ਕੌਰ ਦਾ ਲੜਕਾ ਸੀ ਜਿਸ ਨੂੰ ਕੁਲਵੰਤ ਸਿੰਘ ਰਿਹਾ ਕਰਵਾਉਣਾ ਚਾਹੁੰਦਾ ਸੀ। ਐਸ ਐਸ ਪੀ ਨੇ ਕਿਹਾ ਕਿ ਲੱਕੀ ਆਤਮ-ਸਮਰਪਣ ਕਰਨਾ ਚਾਹੁੰਦਾ ਸੀ ਪਰੰਤੂ ਸੈਣੀ ਨੇ ਉਸਨੂੰ ਅਜਿਹਾ ਕਰਨ ਦੀ ਸੂਰਤ ਵਿਚ ਮਾਰ ਦੇਣ ਦੀ ਧਮਕੀ ਦਿੱਤੀ ਅਤੇ ਇਸ ਕਰਕੇ ਲੱਕੀ ਅਤੇ ਇਕ ਹੋਰ ਵਿਅਕਤੀ ਸੁਰਜੀਤ ਸਿੰਘ ਨੇ ਐਡਵੋਕੇਟ ਅਤੇ ਉਸ ਦੇ ਪਰਿਵਾਰ ਨੂੰ ਅਗਵਾ ਕਰ ਲਿਆ ਅਤੇ ਉਨ੍ਹਾਂ ਨੂੰ ਸਰਹਿੰਦ ਨੇੜੇ ਭਾਖੜਾ ਮੇਨ ਲਾਈਨ ਵਿਚ ਸੁੱਟ ਦਿੱਤਾ।

ਇਸ ਗਲ ਬਾਰੇ ਇਕਬਾਲ ਹੋਣ ਤੋਂ ਤੁਰਤ ਬਾਅਦ ਕਿ ਉਸ ਨੇ ਸੈਣੀ, ਉਸ ਦੀ ਪਤਨੀ ਅਤੇ ਬੱਚੇ ਨੂੰ ਮਾਰਿਆ ਹੈ, ਸੁਰਜੀਤ ਸਿੰਘ ਨੇ ਸਾਈਨਾਈਡ ਖਾ ਲਿਆ ਅਤੇ ਮਰ ਗਿਆ। ਮਾਰਚ, 1995 ਤੋਂ ਹਰਪ੍ਰੀਤ ਸਿੰਘ ਜੇਲ੍ਹ ਵਿਚ ਹੈ। ਉਸਦੇ ਰਿਸ਼ਤੇਦਾਰਾਂ ਨੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਉਸ ਦੇ ਸੁਨੇਹੇ ਪਹੁੰਚਾਏ ਕਿ ਉਸਨੂੰ ਡਰ ਹੈ ਕਿ ਪੁਲਿਸ ਉਸ ਨੂੰ ਖ਼ਤਮ ਕਰ ਦੇਵੇਗੀ । ਮਾਰਚ, 1993 ਵਿਚ ਸੈਣੀ ਦੀ ਕਾਰ ਸਰਹਿੰਦ ਨਹਿਰ ਵਿਚੋਂ ਕੱਢੀ ਗਈ ਸੀ ਪਰੰਤੂ ਉਥੋਂ ਕਦੀ ਕੋਈ ਲਾਸ਼ ਨਹੀਂ ਬਰਾਮਦ ਹੋਈ।

ਜੁਲਾਈ, 1994 ਵਿਚ ਕੰਵਰ ਸਿੰਘ ਧਾਮੀ ("ਹਿਰਾਸਤ ਵਿਚ ਮੌਤ" ਵਿਚ ਹਵਾਲਾ ਦਿੱਤਾ ਗਿਆ) ਦੀ ਜੇਲ੍ਹ ਵਿਚ ਬੰਦ ਪਤਨੀ ਕੁਲਬੀਰ ਕੌਰ ਨੇ ਪਟਿਆਲੇ ਦੇ ਡਿਪਟੀ ਕਮਿਸ਼ਨਰ ਨੂੰ ਇਕ ਚਿੱਠੀ ਲਿਖੀ ਕਿ ਕੈਦੀਆਂ ਵਿਚ ਇਕ ਰੋਪੜ ਵਿਖੇ ਤਾਇਨਾਤ, ਸੀ ਆਈ ਏ ਦਾ ਹਵਾਲਦਾਰ ਪ੍ਰਿਥਪਾਲ ਸਿੰਘ ਸੀ। ਉਸ ਨੇ ਕਿਹਾ ਕਿ ਪ੍ਰਿਥਪਾਲ ਸਿੰਘ ਨੂੰ ਹਥਕੜੀਆਂ ਲਗਾ ਕੇ ਜੇਲ੍ਹ ਵਿਚ ਲਿਆਂਦਾ ਗਿਆ ਸੀ ਅਤੇ ਉਸ ਨੂੰ ਡੀ ਐਸ ਪੀ ਹਰਪਾਲ ਸਿੰਘ ਨੇ ਕੈਦ ਕਰਕੇ ਰੱਖਿਆ ਸੀ। ਉਹ ਦਿਮਾਗੀ ਤਵਾਜ਼ਨ ਖੋਹ ਬੈਠਾ ਸੀ ਅਤੇ ਦੂਜੇ ਕੈਦੀਆਂ ਨੂੰ ਦੱਸਦਾ ਸੀ ਕਿ ਉਸ ਨੇ ਕੁਲਵੰਤ ਸਿੰਘ ਸੈਣੀ, ਉਸਦੀ ਪਤਨੀ ਅਤੇ ਬੱਚੇ ਨੂੰ ਮਾਰਿਆ ਹੈ। (**ਪਾਇਨਿਅਰ**, ਜੁਲਾਈ 20, 1994 ਵਿਚ ਛਪਿਆ)।

ਸੁਖਵਿੰਦਰ ਸਿੰਘ ਭੱਟੀ ਸੰਗਰੂਰ ਜ਼ਿਲ੍ਹਾ ਕਚਹਿਰੀਆਂ ਵਿਚ ਵਕਾਲਤ ਕਰਦਾ ਸੀ। ਮਈ 12, 1994 ਨੂੰ ਪੁਲਿਸ ਨੇ ਉਸ ਨੂੰ ਉਸ ਬਸ ਵਿਚੋਂ ਜਿਸ ਵਿਚ ਉਹ ਆਪਣੇ ਘਰ ਨੂੰ ਵਾਪਸ ਜਾ ਰਿਹਾ ਸੀ ਲਾਹ ਕੇ ਇਕ ਬਿਨਾਂ ਨੰਬਰ ਲੱਗੀ ਗੱਡੀ ਵਿਚ ਸੁੱਟ ਲਿਆ ਅਤੇ ਉਸ ਨੂੰ ਫਿਰ ਕਦੀ ਨਹੀਂ ਦੇਖਿਆ

ਗਿਆ।

ਇਸ ਕਿਸਮ ਦੀਆਂ ਘਟਨਾਵਾਂ ਆਮ ਵਰਗੇ "ਹਾਲਾਤ" ਪੈਦਾ ਹੋ ਜਾਣ ਤੋਂ ਬਾਅਦ ਵੀ ਵਾਪਰਦੀਆਂ ਰਹੀਆਂ। ਮਈ 11, 1995 ਨੂੰ ਧਰਮਬੀਰ ਸਿੰਘ (ਪਿੰਡ ਕੰਮੋਕੇ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਹਰਨਾਮ ਸਿੰਘ ਦਾ ਪੁੱਤਰ) ਨੂੰ ਉਸ ਦੀ ਮਾਤਾ, ਚਚੇਰੇ ਭਾਈ ਅਤੇ ਇਕ ਵਕੀਲ ਨੇ ਪੱਕਾ ਦੰਗਾ (ਜੰਮੂ) ਦੀ ਪੁਲਿਸ ਦੁਆਰਾ ਗ਼ੈਰ-ਕਾਨੂੰਨੀ ਤੌਰ ਤੇ ਚੁੱਕ ਕੇ ਲਿਜਾਂਦਿਆਂ ਅੰਤਮ ਵਾਰ ਦੇਖਿਆ।

ਧਰਮਬੀਰ ਦੀ ਕਹਾਣੀ 1991 ਵਿਚ ਸ਼ੁਰੂ ਹੁੰਦੀ ਹੈ। ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਇਕ ਸਰਗਰਮ ਮੈਂਬਰ ਸੀ ਅਤੇ ਅੰਮ੍ਰਿਤਸਰ ਜ਼ਿਲ੍ਹਾ ਕਚਹਿਰੀਆਂ ਵਿਚ ਵਕਾਲਤ ਕਰਦਾ ਸੀ ਜਿਥੇ ਉਹ ਪੰਜਾਬ ਪੁਲਿਸ ਦੇ ਅੜਿੱਕੇ ਆਇਆ। ਉਸ ਤੇ ਟਾਡਾ ਅਧੀਨ (ਐਫ ਆਈ ਆਰ 435/91) ਇਕ ਅਪਰਾਧ ਦਾ ਦੋਸ਼ ਲਗਾਇਆ ਗਿਆ ਅਤੇ ਕਥੂਆ ਪੁਲਿਸ (ਅੰਮ੍ਰਿਤਸਰ) ਥਾਣੇ ਵਾਲਿਆਂ ਨੇ ਉਸ ਨੂੰ ਗਿਰਫਤਾਰ ਕੀਤਾ ਪਰੰਤੂ 5 ਅਗਸਤ, 1992 ਨੂੰ ਜ਼ਮਾਨਤ ਤੇ ਰਿਹਾਅ ਕਰ ਦਿੱਤਾ। ਇਕ ਸਾਲ ਬਾਅਦ ਉਸ ਤੇ ਟਾਡਾ (ਐਫ ਆਈ ਆਰ 42/93) ਅਧੀਨ ਇਕ ਹੋਰ ਅਪਰਾਧ ਦਾ ਦੋਸ਼ ਲਗਾਇਆ ਗਿਆ ਅਤੇ ਗਾਂਧੀਨਗਰ ਪੁਲਿਸ ਥਾਣੇ ਜੰਮੂ ਦੀ ਪੁਲਿਸ ਦੁਆਰਾ ਉਸ ਨੂੰ ਗਿਰਫਤਾਰ ਕੀਤਾ ਗਿਆ। ਫਿਰ ਉਸਨੂੰ 26 ਅਕਤੂਬਰ, 1993 ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਨੂੰ ਫਿਰ 31 ਮਈ, 1994 ਨੂੰ ਪਬਲਿਕ ਸਕਿਉਰਿਟੀ ਐਕਟ ਅਧੀਨ ਤੀਜੀ ਵਾਰ ਚੁੱਕ ਲਿਆ ਅਤੇ ਜੰਮੂ ਦੀ ਜੇਲ੍ਹ ਤੋਂ ਕੇਂਦਰੀ ਜੇਲ੍ਹ ਜੋਧਪੁਰ ਬਦਲ ਦਿੱਤਾ ਗਿਆ। ਜੇ ਐਂਡ ਕੇ ਹਾਈ ਕੋਰਟ ਨੇ 25 ਮਾਰਚ, 1995 ਨੂੰ ਨਜ਼ਰਬੰਦੀ ਦੇ ਹੁਕਮ ਰੱਦ ਕਰ ਦਿੱਤੇ ਅਤੇ ਧਰਮਬੀਰ ਨੂੰ 11 ਮਈ, 1995 ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

ਫਿਰ ਉਸ ਨੂੰ ਜੰਮੂ ਸ਼ਹਿਰ ਵਿਚ ਪੱਕਾ ਦੰਗਾ ਥਾਣੇ ਵਿਚ ਲਿਜਾਇਆ ਗਿਆ - ਚਾਹੇ ਉਹ ਕਿਸੇ ਕੇਸ ਵਿਚ ਲੋੜੀਂਦਾ ਨਹੀਂ ਸੀ ਅਤੇ ਉਸ ਦੀ ਮਾਤਾ, ਚਚੇਰੇ ਭਾਈ ਅਤੇ ਵਕੀਲ ਦੁਆਰਾ ਰੋਸ ਕਰਨ ਦੇ ਬਾਵਜੂਦ ਵੀ ਅਜਿਹਾ ਕੀਤਾ ਗਿਆ। ਮਈ 16 ਨੂੰ ਉਨ੍ਹਾਂ ਨੇ ਜੰਮੂ ਜ਼ਿਲ੍ਹਾ ਅਦਾਲਤ ਨੂੰ ਦਰਖ਼ਾਸਤ ਦਿੱਤੀ ਜਿਸ ਨੇ ਪੱਕਾ ਦੰਗਾ ਥਾਣੇ ਤੋਂ ਪੁੱਛ-ਗਿੱਛ ਕੀਤੀ। ਪਰੰਤੂ ਐਸ ਐਚ ਓ ਨੇ ਕਿਹਾ ਕਿ ਧਰਮਬੀਰ ਸਾਡੀ ਹਿਰਾਸਤ ਵਿਚ ਨਹੀਂ ਹੈ।

ਉਸ ਦੇ ਰਿਸ਼ਤੇਦਾਰ ਉਸ ਨੂੰ ਲੱਭਣ ਦੀ ਲਗਾਤਾਰ ਕੋਸ਼ਿਸ਼ ਕਰਦੇ ਰਹੇ। ਭਾਲਦੇ-ਭਾਲਦੇ ਉਹ ਪੰਜਾਬ ਵਿਚ ਨਵਾਂਸ਼ਹਿਰ ਪਹੁੰਚੇ ਜਿਥੇ ਐਸ ਐਚ ਓ ਨੇ ਉਨ੍ਹਾਂ ਨੂੰ ਦੱਸਿਆ ਕਿ ਧਰਮਬੀਰ ਮਾਰਿਆ ਗਿਆ ਹੈ ਅਤੇ ਉਸਦੀਆਂ ਅਸਥੀਆਂ ਜੋਗੀ ਦਰਵਾਜ਼ਾ ਵਿਖੇ ਪਈਆਂ ਹਨ। ਉਸ ਨੇ ਅਫ਼ਸੋਸ ਵੀ ਕੀਤਾ। ਅੰਤਮ ਸਸਕਾਰ ਬਾਰੇ ਖ਼ਬਰ 30 ਮਈ, 1995 ਦੀ **ਰੋਜ਼ਾਨਾ ਅਜੀਤ** ਅਖਬਾਰ ਵਿਚ ਛਪੀ। ਉਸ ਦੇ ਰਿਸ਼ਤੇਦਾਰਾਂ ਨੇ ਫਿਰ ਵੀ ਉਸ ਦੀ ਭਾਲ ਕਰਨੀ ਨਾ

ਛੱਡੀ। ਮੁਜਰਮ ਨੂੰ ਅਦਾਲਤ ਵਿਚ ਪੇਸ਼ ਕਰਨ (ਹੈਬੀਅਸ ਕਾਰਪਸ) ਬਾਰੇ ਉਨ੍ਹਾਂ ਦੀ ਪੈਟੀਸ਼ਨ ਸੁਪਰੀਮ ਕੋਰਟ ਵਿਚ ਹੈ।

ਇਨ੍ਹਾਂ ਅਤੇ ਹੋਰ ਘਟਨਾਵਾਂ ਨੇ 38 ਵਕੀਲਾਂ ਨੂੰ ਸੁਪਰੀਮ ਕੋਰਟ ਵਿਚ ਆਪਣੀ ਸੁਰੱਖਿਆ ਲਈ ਪੈਟੀਸ਼ਨ ਦਾਇਰ ਕਰਨ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਨੇ ਬੇਨਤੀ ਕੀਤੀ ਕਿ ਪੰਜਾਬ ਪੁਲਿਸ ਲਈ ਕਾਨੂੰਨ ਦੀ ਕੋਈ ਲੋੜ ਨਹੀਂ ਅਤੇ ਉਸ ਨੇ ਕਈ ਵਕੀਲਾਂ ਨੂੰ ਅਗਵਾ ਕੀਤਾ ਹੈ ਅਤੇ ਮਾਰ ਦਿੱਤਾ ਹੈ। ਕੁਲਵੰਤ ਸਿੰਘ ਸੈਣੀ ਅਤੇ ਸੁਖਵਿੰਦਰ ਸਿੰਘ ਭੱਟੀ ਤੋਂ ਇਲਾਵਾ ਉਨ੍ਹਾਂ ਨੇ ਕਪੂਰਥਲਾ ਤੋਂ ਜਗਵਿੰਦਰ ਸਿੰਘ ਅਤੇ ਬਠਿੰਡੇ ਤੋਂ ਰਣਬੀਰ ਸਿੰਘ ਮਾਨਸਾਹੀਆ ਨੂੰ ਗਾਇਬ ਕੀਤਾ। ਉਨ੍ਹਾਂ ਨੇ ਕਿਹਾ ਕਿ ਆਮ ਜਨਤਾ ਦਾ ਨਿਆਂਪਾਲਕਾ ਤੋਂ ਵਿਸ਼ਵਾਸ ਉਠਦਾ ਜਾ ਰਿਹਾ ਹੈ ਕਿਉਂਕਿ ਰਾਜ ਵਿਚ ਕਾਨੂੰਨ ਵਰਗੀ ਕੋਈ ਚੀਜ਼ ਨਹੀਂ ਹੈ ਅਤੇ ਕਿਹਾ ਕਿ ਵਕੀਲ ਅਦਾਲਤਾਂ ਸਾਹਮਣੇ ਮਾਮਲੇ ਲਿਆਉਣ ਤੋਂ ਡਰਦੇ ਹਨ।

*ਪੱਤਰਕਾਰ*

ਰਾਮ ਸਿੰਘ ਬਿਲਿੰਗ ਇਕ ਪੱਤਰਕਾਰ ਸੀ ਅਤੇ ਇਕ ਮਨੁੱਖੀ ਅਧਿਕਾਰ ਸੰਗਠਨ ਦਾ ਕਾਰਜ ਕਰਤਾ (ਪੰਜਾਬ ਮਨੁੱਖੀ ਅਧਿਕਾਰ ਸੰਗਠਨ, ਜ਼ਿਲ੍ਹਾ ਸੰਗਰੂਰ ਦਾ ਸਕੱਤਰ) ਵੀ ਸੀ। ਉਹ ਇਕ ਬਹੁਤ ਮਸ਼ਹੂਰ ਅਖਬਾਰ '**ਅਜੀਤ**' ਦਾ ਪੱਤਰਕਾਰ ਸੀ। ਉਸ ਨੂੰ ਜ਼ਿਲ੍ਹਾ ਸੰਗਰੂਰ ਦੀ ਲੋਹਟ ਬੱਦੀ ਪੁਲਿਸ ਚੌਕੀ ਵਿਚ ਪੁਲਿਸ ਦੀ ਹਿਰਾਸਤ ਵਿਚ ਆਖਰੀ ਵਾਰ 4 ਜਨਵਰੀ, 1992 ਨੂੰ ਦੇਖਿਆ ਗਿਆ ਸੀ; ਪਰੰਤੂ ਇਸ ਦੇ ਸਬੂਤ ਵਜੋਂ ਕਦੀ ਕੋਈ ਦਸਤਾਵੇਜ਼ ਪੇਸ਼ ਨਹੀਂ ਕੀਤੇ ਗਏ ਸਨ ਕਿ ਉਸ ਤੇ ਕਿਸੇ ਅਪਰਾਧ ਦਾ ਦੋਸ਼ ਹੈ ਜਾਂ ਕਦੀ ਉਸ ਨੂੰ ਗਿਰਫਤਾਰ ਕੀਤਾ ਗਿਆ ਸੀ।

ਜਨਵਰੀ 3, 1992 ਨੂੰ ਬਿਲਿੰਗ ਨੇ ਅਮਰਗੜ੍ਹ, ਜ਼ਿਲ੍ਹਾ ਸੰਗਰੂਰ ਦੇ ਨੇੜੇ ਆਪਣੇ ਜੱਦੀ ਪਿੰਡ ਢਡੋਗਲ ਤੋਂ ਬੱਸ ਫੜੀ। ਮਾਲੇਰਕੋਟਲਾ ਵਿਖੇ ਉਹ ਪੱਤਰਕਾਰ ਐਸੋਸਿਏਸ਼ਨ ਦੇ ਤਹਿਸੀਲ ਪ੍ਰਧਾਨ ਗਿਆਨ ਚੰਦ ਨੂੰ ਮਿਲਿਆ ਅਤੇ ਫਿਰ ਜਲੰਧਰ ਜਾ ਰਹੀ ਬੱਸ ਫੜੀ। ਮਾਲੇਰਕੋਟਲਾ ਤੋਂ ਕੋਈ 4 ਕਿਲੋਮੀਟਰ ਦੂਰ ਇਕ ਸੜਕ ਨਾਕੇ ਤੇ ਇਕ ਪੁਲਿਸ ਪਾਰਟੀ ਬੱਸ ਵਿਚ ਚੜ੍ਹੀ, ਉਨ੍ਹਾਂ ਨੇ ਬੱਸ ਦੀ ਤਲਾਸ਼ੀ ਲਈ ਅਤੇ ਬਿਲਿੰਗ ਨੂੰ ਲੋਹਟ ਬੱਦੀ ਪੁਲਿਸ ਚੌਕੀ ਲੈ ਗਈ। ਬੱਸ ਦੇ ਯਾਤਰੂਆਂ ਨੇ ਇਸ ਦੀ ਤਸਦੀਕ ਕੀਤੀ।

ਇਸ ਪੁਲਿਸ ਚੌਕੀ ਵਿਚ ਬਿਲਿੰਗ ਨੇ ਇਕ ਆਦਮੀ ਗੁਰਚਰਨ ਸਿੰਘ ਨੂੰ ਆਪਣਾ ਕਾਰਡ ਦਿੱਤਾ ਜਿਹੜਾ ਉਥੇ ਆਪਣੇ ਚਚੇਰੇ ਭਾਈ ਦੀ ਗਿਰਫਤਾਰੀ ਬਾਰੇ ਪਤਾ ਕਰਨ ਆਇਆ ਸੀ। ਉਸ ਨੇ ਗੁਰਚਰਨ ਸਿੰਘ ਨੂੰ ਢਡੋਗਲ ਵਿਖੇ ਆਪਣੇ ਘਰ ਦਿਆਂ ਨੂੰ ਦੱਸਣ ਲਈ ਕਿਹਾ। ਇਹ ਖਬਰ ਮਿਲਣ ਤੇ ਬਿਲਿੰਗ ਦਾ ਚਾਚਾ ਸੰਤ ਸਿੰਘ ਜੋ ਉਸ ਪਿੰਡ ਦੀ ਪੰਚਾਇਤ ਦਾ

ਮੈਂਬਰ ਸੀ, ਪਿੰਡ ਦੇ ਸਰਪੰਚ ਜਸਵੰਤ ਸਿੰਘ ਅਤੇ ਦੋ ਹੋਰ ਪੰਚਾਇਤ ਮੈਂਬਰਾਂ, ਹਾਕਮ ਸਿੰਘ ਅਤੇ ਸਿਕੰਦਰ ਸਿੰਘ ਨੂੰ ਨਾਲ ਲੈ ਕੇ ਲੋਹਟ ਬੱਦੀ ਪੁਲਿਸ ਚੌਕੀ ਪਹੁੰਚਿਆ ਅਤੇ ਉਥੇ ਉਨ੍ਹਾਂ ਨੇ ਬਿਲਿੰਗ ਨੂੰ ਦੇਖਿਆ।

ਪੁਲਿਸ ਚੌਕੀ ਦੇ ਇੰਚਾਰਜ ਨੇ ਉਨ੍ਹਾਂ ਨੂੰ ਕੈਦੀ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਅਤੇ ਉਨ੍ਹਾਂ ਨੂੰ ਸੀਨੀਅਰ ਸੁਪਰਡੰਟ ਪੁਲਿਸ, ਸੰਗਰੂਰ ਨੂੰ ਮਿਲਣ ਲਈ ਕਿਹਾ। ਚਾਰੇ ਪੰਚ ਐਸ ਐਸ ਪੀ ਨੂੰ ਮਿਲੇ ਪਰੰਤੂ ਇਸ ਅਫਸਰ ਨੇ ਬਿਲਿੰਗ ਦੀ ਗਿਰਫਤਾਰੀ ਦਾ ਪਤਾ ਹੋਣ ਬਾਰੇ ਕੋਈ ਹਾਂ ਨਹੀਂ ਕੀਤੀ। ਜਦੋਂ ਪੰਚਾਂ ਨੇ ਦੱਸਿਆ ਕਿ ਉਨ੍ਹਾਂ ਨੇ ਬਿਲਿੰਗ ਨੂੰ ਲੋਹਟ ਬੱਦੀ ਵਿਖੇ ਖ਼ੁਦ ਦੇਖਿਆ ਹੈ, ਤਾਂ ਐਸ ਐਸ ਪੀ ਗੁੱਸੇ ਵਿਚ ਆ ਗਿਆ ਅਤੇ ਕਿਹਾ ਕਿ ਇਕ ਜ਼ਿਲ੍ਹੇ ਦੀ ਪੁਲਿਸ ਦੂਜੇ ਜ਼ਿਲ੍ਹਿਆਂ ਦੀ ਪੁਲਿਸ ਦੇ ਕੰਮ ਵਿਚ ਦਖਲ ਨਹੀਂ ਦਿੰਦੀ। ਬਿਲਿੰਗ ਨੂੰ ਮੁੜ ਕਦੀ ਨਹੀਂ ਦੇਖਿਆ ਗਿਆ।

1994 ਤਕ ਰਾਜ ਸਰਕਾਰ ਅਤੇ ਪੁਲਿਸ ਦਾਅਵੇ ਕਰਦੀ ਰਹੀ ਹੈ ਕਿ ਪੰਜਾਬ ਵਿਚ ਹਾਲਾਤ "ਆਮ" ਵਰਗੇ ਹੋ ਰਹੇ ਹਨ। ਇਕ ਵਿਰੋਧੀ ਅਖਬਾਰ ਦੇ ਪੱਤਰਕਾਰਾਂ ਲਈ ਇਹ ਆਮ "ਹਾਲਾਤ" ਵਾਲਾ ਸਾਲ ਬੜਾ ਮਾੜਾ ਸਿੱਧ ਹੋਇਆ, ਉਨ੍ਹਾਂ ਦੇ ਘਰਾਂ ਵਿਚ ਛਾਪੇ ਵੱਜਣੇ ਸ਼ੁਰੂ ਹੋ ਗਏ। ਕਸ਼ਮੀਰੀ ਖਾੜਕੂ ਨਾਸਰ ਅਹਿਮਦ ਦੇ ਬਿਆਨ ਤੇ ਅਮਲ ਕਰਦਿਆਂ ਕਿ ਅਖ਼ਬਾਰਾਂ ਦੇ ਦਫਤਰਾਂ ਨੂੰ ਕਸ਼ਮੀਰੀ ਖਾੜਕੂਆਂ ਲਈ ਮੀਟਿੰਗਾਂ ਕਰਨ ਲਈ ਮੀਟਿੰਗ ਦੀ ਜਗ੍ਹਾ ਵਜੋਂ ਵਰਤਿਆ ਅਤੇ ਉਥੇ ਹਥਿਆਰ ਵੀ ਰੱਖੇ ਜਾਂਦੇ ਸਨ, ਪੰਜਾਬ ਪੁਲਿਸ ਜਲੰਧਰ ਵਿਖੇ '**ਅੱਜ ਦੀ ਆਵਾਜ਼**' ਦੇ ਦਫ਼ਤਰ ਵਿਚ ਆ ਵੜੀ ਅਤੇ ਮੈਨੇਜਿੰਗ ਐਡੀਟਰ ਗੁਰਦੀਪ ਸਿੰਘ, ਪਰੂਫ਼ ਰੀਡਰ ਜਸਬੀਰ ਸਿੰਘ, ਮੈਨੇਜਿੰਗ ਟਰੱਸਟੀ ਜਸਬੀਰ ਸਿੰਘ ਰੋਡੇ ਅਤੇ ਰਿਸੈਪਸ਼ਨਿਸਟ ਮਲਕੀਅਤ ਸਿੰਘ ਨੂੰ ਗਿਰਫਤਾਰ ਕਰ ਲਿਆ ਅਤੇ ਉਨ੍ਹਾਂ ਤੇ ਟਾਡਾ ਲਗਾ ਦਿੱਤਾ। ਗੁਰਦੀਪ ਸਿੰਘ ਨੂੰ ਛੱਡ ਕੇ ਬਾਕੀ ਦੇ ਗਿਰਫਤਾਰ ਕੀਤੇ ਗਏ ਸਾਰੇ ਵਿਅਕਤੀਆਂ ਨੂੰ ਕੁਝ ਦਿਨਾਂ ਬਾਅਦ ਜ਼ਮਾਨਤ ਤੇ ਛੱਡ ਦਿੱਤਾ ਅਤੇ ਗੁਰਦੀਪ ਨੂੰ 1994 ਦੇ ਅਖੀਰ ਤਕ ਅੰਦਰ ਰੱਖੀ ਰੱਖਿਆ।

ਫਿਰ ਇਸੇ ਸਾਲ ਵਿਚ 13 ਜੁਲਾਈ ਨੂੰ ਇਸੇ ਅਖਬਾਰ ਦੇ ਇਕ ਰਿਪੋਰਟਰ ਸੁਖਪਾਲ ਸਿੰਘ ਪਾਲੀ ਨੂੰ ਚੁੱਕ ਲਿਆ ਗਿਆ - ਪਰੰਤੂ ਉਸ ਦੀ ਦਾਸਤਾਂ ਬਹੁਤ ਦੁਖਦਾਇਕ ਹੈ। ਉਸ ਨੂੰ ਪੁਲਿਸ ਨੇ ਪਿੰਡ ਚੁਰਲ ਕਲਾਂ, ਜ਼ਿਲ੍ਹਾ ਸੰਗਰੂਰ ਵਿਚ ਉਸ ਦੇ ਨਾਨਕੇ ਘਰੋਂ ਇਕ ਹੋਮ ਗਾਰਡ ਦੇ ਸਿਪਾਹੀ ਸਮੇਤ ਦਰਜਨਾਂ ਗਵਾਂਢੀਆਂ ਦੀ ਹਾਜ਼ਰੀ ਵਿਚ ਤੜਕੇ ਕੋਈ 3 ਵਜੇ ਚੁੱਕਿਆ ਅਤੇ ਉਸ ਤੋਂ ਬਾਅਦ ਉਹ ਫਿਰ ਕਦੀ ਨਜ਼ਰ ਨਹੀਂ ਆਇਆ। ਪਾਲੀ ਤੇ ਕੋਈ ਦੋਸ਼ ਨਹੀਂ ਲਗਾਇਆ ਗਿਆ ਅਤੇ ਪੁਲਿਸ ਮੁਕਰ ਗਈ ਕਿ ਉਸ ਨੂੰ ਕਦੀ ਉਨ੍ਹਾਂ ਨੇ ਆਪਣੀ ਹਿਰਾਸਤ ਵਿਚ ਰੱਖਿਆ ਸੀ। ਪਾਲੀ ਦੇ ਛੋਟੇ ਭਰਾ ਮਿੱਢਾ, ਜਿਸ ਨੂੰ ਨਜ਼ਰਬੰਦ ਕੀਤਾ ਗਿਆ ਸੀ ਅਤੇ ਇਕ ਦਿਨ ਪਹਿਲਾਂ ਛੱਡਿਆ ਗਿਆ

ਸੀ, ਨੇ ਐਮ ਏ ਐਸ ਆਰ ਦੀ ਟੀਮ ਜਿਹੜੀ ਗਾਇਬ ਕੀਤੇ ਜਾਣ ਵਾਲੇ ਵਿਅਕਤੀਆਂ ਦੀ ਜਾਂਚ ਕਰਦੀ ਸੀ, ਨੂੰ ਦਸਿਆ ਕਿ ਉਹ ਛਾਪਾ ਮਾਰਨ ਵਾਲੀ ਪਾਰਟੀ ਦੇ ਦੋ ਮੈਂਬਰਾਂ ਨੂੰ ਪਹਿਚਾਣ ਸਕਦਾ ਹੈ ਜਿਨ੍ਹਾਂ ਨੂੰ ਬਾਅਦ ਵਿਚ ਸੁਨਾਮ ਵਿਖੇ ਸੀ ਆਈ ਏ ਸਟਾਫ ਵਿਚ ਲਗਾ ਦਿੱਤਾ ਗਿਆ ਸੀ ਅਤੇ ਫਿਰ ਭਵਾਨੀਗੜ੍ਹ ਥਾਣੇ ਬਦਲ ਦਿੱਤਾ ਗਿਆ ਸੀ। ਐਮ ਏ ਐਸ ਆਰ ਨੇ ਗੁੰਮ ਕੀਤੇ ਗਏ ਵਿਅਕਤੀ ਬਾਰੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਿਕਾਇਤ ਕੀਤੀ।

*ਮਨੁੱਖੀ ਅਧਿਕਾਰ ਕਾਰਜਕਰਤਾ*

ਦੋ ਮਨੁੱਖੀ ਅਧਿਕਾਰ ਕਾਰਜਕਰਤਾ ਰਾਮ ਸਿੰਘ ਬਿਲਿੰਗ ਅਤੇ ਜਸਵਿੰਦਰ ਸਿੰਘ ਗੁੰਮ ਕਰ ਦਿੱਤੇ ਗਏ ਸਨ ਅਤੇ ਇਕ ਹੋਰ ਰਾਜਵਿੰਦਰ ਸਿੰਘ ਨੂੰ ਮਾਰ ਦਿੱਤਾ ਗਿਆ ਸੀ। ਰਾਮ ਸਿੰਘ ਬਿਲਿੰਗ ਦੇ ਗੁੰਮ ਹੋਣ ਦਾ ਵੇਰਵਾ "*ਪੱਤਰਕਾਰ*" ਸ਼੍ਰੇਣੀ ਅਧੀਨ ਨੋਟ ਕੀਤਾ ਗਿਆ ਹੈ, ਜਸਵਿੰਦਰ ਸਿੰਘ ਇਕ ਵਕੀਲ ਸੀ ਜਿਸਨੂੰ 25 ਸਤੰਬਰ, 1992 ਨੂੰ ਨਜ਼ਰਬੰਦ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਫਿਰ ਕਦੀ ਨਹੀਂ ਦੇਖਿਆ ਗਿਆ।

ਲਗਭਗ ਸਾਰੇ ਮਨੁੱਖੀ ਅਧਿਕਾਰ ਕਾਰਜਕਰਤਾਵਾਂ ਨੂੰ ਵੱਖ-ਵੱਖ ਸਮਿਆਂ ਤੇ ਵਾਰ-ਵਾਰ ਗਿਰਫਤਾਰ ਕੀਤਾ ਗਿਆ ਸੀ। ਮਲਵਿੰਦਰ ਸਿੰਘ ਮਾਲੀ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਕਾਰਜਕਰਤਾ ਨੂੰ ਗਿਰਫਤਾਰ ਕਰਕੇ 1991 ਵਿਚ ਸੱਤ ਮਹੀਨੇ ਤੰਗ ਕੀਤਾ ਗਿਆ ਸੀ। ਰੋਪੜ ਜ਼ਿਲ੍ਹੇ ਦੇ ਪੀ ਐਚ ਆਰ ਓ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਨੂੰ ਨਜ਼ਰਬੰਦ ਕੀਤਾ ਗਿਆ ਅਤੇ 1993 ਵਿਚ ਇਕ ਮਹੀਨਾ ਤੰਗ ਕੀਤਾ ਗਿਆ, ਜਸਟਿਸ ਅਜੀਤ ਸਿੰਘ ਬੈਂਸ, ਪੀ ਐਚ ਆਰ ਓ, ਚੰਡੀਗੜ੍ਹ ਨੂੰ 1992 ਵਿਚ ਚਾਰ ਮਹੀਨਿਆਂ ਲਈ ਨਜ਼ਰਬੰਦ ਕੀਤਾ ਗਿਆ ਸੀ, ਕਰਨਲ ਪ੍ਰਤਾਪ ਸਿੰਘ, ਐਮ ਏ ਐਸ ਆਰ, ਚੰਡੀਗੜ੍ਹ ਨੂੰ ਛੇ ਮਹੀਨਿਆਂ ਲਈ ਨਜ਼ਰਬੰਦ ਕੀਤਾ ਗਿਆ, ਦਰਬਾਰਾ ਸਿੰਘ, ਐਮ ਏ ਐਸ ਆਰ, ਸੰਗਰੂਰ ਦੇ ਉਪ-ਪ੍ਰਧਾਨ ਨੂੰ ਨਜ਼ਰਬੰਦ ਕੀਤਾ ਗਿਆ ਅਤੇ ਤੰਗ-ਪ੍ਰੇਸ਼ਾਨ ਕੀਤਾ ਗਿਆ। ਇਸ ਪੁਸਤਕ ਦਾ ਲਿਖਾਰੀ ਵੀ ਕਈ ਵਾਰ ਜੇਲ੍ਹ ਗਿਆ।

ਮਨੁੱਖੀ ਅਧਿਕਾਰ ਸੰਗਠਨ ਪੰਜਾਬ ਵਿਚ ਕੇਵਲ 1987 ਵਿਚ ਹੋਂਦ ਵਿਚ ਆਇਆ। ਸ਼ੁਰੂ ਵਿਚ ਨੌਜਵਾਨਾਂ ਨੂੰ ਵੀ ਇਸ ਦੇ ਮੈਂਬਰ ਬਣਾਇਆ ਗਿਆ ਸੀ ਪਰੰਤੂ ਜਦੋਂ ਇਹ ਦੇਖਿਆ ਕਿ ਉਨ੍ਹਾਂ ਨੂੰ ਆਪਣੇ ਹਿਤਾਂ ਲਈ ਘਾਟਾ ਖਾਣਾ ਪਿਆ ਤਾਂ ਇਨ੍ਹਾਂ ਸੰਸਥਾਵਾਂ ਨੇ 55 ਸਾਲ ਦੀ ਉਮਰ ਤਕ ਦੇ ਲੋਕਾਂ ਜਾਂ ਬਜ਼ੁਰਗਾਂ ਅਤੇ ਜਿਨ੍ਹਾਂ ਦੀ ਸਮਾਜਿਕ ਪੁਜ਼ੀਸ਼ਨ ਅੱਛੀ ਸੀ, ਨੂੰ ਹੀ ਆਪਣੇ ਮੈਂਬਰ ਬਣਾਉਣ ਤਕ ਸੀਮਿਤ ਰੱਖਿਆ ਕਿਉਂਕਿ ਇਨ੍ਹਾਂ ਲੋਕਾਂ ਨੂੰ ਅੱਤਵਾਦੀਆਂ

ਨਾਲ ਮਿਲਣ ਦੇ ਦੋਸ਼ ਵਿਚ ਆਸਾਨੀ ਨਾਲ ਨਹੀਂ ਸੀ ਫਸਾਇਆ ਜਾ ਸਕਦਾ।

ਸੰਖੇਪ ਵਿਚ, ਕਿਉਂਕਿ ਉਹ ਹਿੰਸਾ ਕਰਨ ਵਾਲੇ ਨਹੀਂ ਸਨ, ਉਹ ਪੁਲਿਸ ਲਈ ਨਿਸ਼ਾਨੇ ਸਨ। ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਲਈ ਕੋਈ ਮੁਆਫੀ ਨਾ ਹੋਣ ਕਾਰਣ, ਪੁਲਿਸ ਕੇਵਲ ਉਨ੍ਹਾਂ ਨੂੰ ਗੈਰ-ਕਾਨੂੰਨੀ ਤੌਰ ਤੇ "ਗੁਆ" (ਗਾਇਬ ਕਰ) ਸਕਦੀ ਸੀ। ਇਸ ਦਾ ਆਮ ਤੌਰ ਤੇ ਮਤਲਬ ਹੈ ਮੌਤ ਅਤੇ ਗਾਇਬ ਕਰ ਦੇਣਾ ਕਿਉਂਕਿ ਮਰਿਆ ਵਿਅਕਤੀ ਕੋਈ ਸ਼ਿਕਾਇਤ ਜਾਂ ਪੁਲਿਸ ਦੇ ਪੱਖ ਦਾ ਖੰਡਨ ਨਹੀਂ ਕਰ ਸਕਦਾ।

ਜ਼ਿਲ੍ਹਾ ਪਟਿਆਲੇ ਦੇ ਪਿੰਡ ਪਾਤੜਾਂ ਦਾ ਰਾਜਵਿੰਦਰ ਸਿੰਘ ਹੁਣ ਸ਼ਿਕਾਇਤਾਂ ਨਹੀਂ ਕਰ ਰਿਹਾ ਪਰੰਤੂ ਉਹ ਮੀਟਿੰਗਾਂ ਸੰਗਠਿਤ ਕਰਦਾ ਰਿਹਾ ਹੈ, ਜਿਥੇ ਪੁਲਿਸ ਦੇ ਰਵੱਈਏ ਦੀਆਂ ਸ਼ਿਕਾਇਤਾਂ ਰਿਕਾਰਡ ਕੀਤੀਆਂ ਜਾਂਦੀਆਂ ਸਨ; ਇਕ ਵਾਰ ਉਸਨੇ ਡੀ ਜੀ ਪੀ, ਜਦੋਂ ਉਹ ਪਾਤੜਾਂ ਆਏ, ਨੂੰ ਖ਼ੁਦ ਸ਼ਿਕਾਇਤ ਕੀਤੀ ਅਤੇ ਉਹ ਉਨ੍ਹਾਂ ਵਿਅਕਤੀਆਂ, ਜਿਨ੍ਹਾਂ ਨੂੰ ਗੈਰ-ਕਾਨੂੰਨੀ ਤੌਰ ਤੇ ਗਿਰਫਤਾਰ ਕੀਤਾ ਗਿਆ ਸੀ, ਸਬੰਧੀ ਜ਼ਿਲ੍ਹਾ ਪੁਲਿਸ ਕਰਮਚਾਰੀਆਂ ਨੂੰ ਮਿਲਿਆ। ਉਹ 28 ਸਾਲਾਂ ਦਾ ਵਿਅਕਤੀ ਜੋ ਕਿ ਸ਼ਾਦੀ-ਸ਼ੁਦਾ ਅਤੇ ਦੋ ਬਚਿਆਂ ਦਾ ਬਾਪ ਸੀ, ਸਮਾਜਿਕ ਅਤੇ ਰਾਜਨੀਤਿਕ ਤੌਰ ਤੇ ਸਰਗਰਮ ਅਤੇ ਕੋ-ਆਪਰੇਟਿਵ ਬੈਂਕ, ਪਟਿਆਲਾ ਦਾ ਚੇਅਰਮੈਨ ਅਤੇ ਯੂਥ ਅਕਾਲੀ ਦਲ ਦਾ ਜਨਰਲ ਸਕੱਤਰ ਸੀ, ਅਤੇ ਉਸ ਦਾ ਹਿੰਦੂਆਂ ਅਤੇ ਸਿੱਖਾਂ ਵਿਚ ਅੱਛਾ ਅਸਰ-ਰਸੂਖ ਸੀ ਅਤੇ ਉਹ ਇਕ ਇਮਾਨਦਾਰ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲਾ ਇਨਸਾਨ ਸੀ ਜਿਸ ਦੇ ਅੱਤਵਾਦੀਆਂ ਨਾਲ ਕੋਈ ਸਬੰਧ ਨਹੀਂ ਸਨ।

ਦਸੰਬਰ 12, 1990 ਦੀ ਸਵੇਰ ਨੂੰ ਰਾਜਵਿੰਦਰ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਕਿਹਾ ਕਿ ਉਹ ਇਕ ਮਿੱਤਰ ਦੀ ਰਿਹਾਈ ਲਈ ਡੀ ਐਸ ਪੀ ਨੂੰ ਨੇੜੇ ਹੀ ਦਿੜਬਾ ਪਿੰਡ ਵਿਚ ਮਿਲਣ ਜਾ ਰਿਹਾ ਹੈ। ਲਗਭਗ 11 ਵਜੇ ਸਵੇਰੇ, ਉਸ ਦਾ ਇਕ ਮਿੱਤਰ ਆਇਆ ਅਤੇ ਉਸ ਦੇ ਪਰਿਵਾਰ ਨੂੰ ਦੱਸਿਆ ਕਿ ਰਾਜਵਿੰਦਰ ਥਾਣੇ ਨਹੀਂ ਆਇਆ ਸੀ ਕਿਉਂਕਿ ਉਸ ਦਾ ਮਿੱਤਰ ਪਹਿਲਾਂ ਹੀ ਰਿਹਾ ਕਰ ਦਿੱਤਾ ਗਿਆ ਸੀ; ਦਰਅਸਲ ਉਹ ਇਕ ਹੋਰ ਮਿੱਤਰ ਗੁਰਤੇਜ ਸਿੰਘ, ਜਿਸ ਨਾਲ ਉਹ ਪਰਿਵਾਰਕ ਮਾਮਲੇ ਵਿਚਾਰਨਾ ਚਾਹੁੰਦਾ ਸੀ, ਨਾਲ ਗਿਆ ਸੀ।

ਉਸ ਰਾਤ 2 ਵਜੇ ਪਾਤੜਾਂ ਵਿਚ ਅਫਵਾਹ ਫੈਲੀ ਕਿ ਪਿੰਡ ਦੇ ਨੇੜੇ ਤੇੜੇ ਗੋਲੀਆਂ ਦੀ ਆਵਾਜ਼ ਸੁਣੀ ਗਈ ਹੈ। ਅਗਲੇ ਦਿਨ 6 ਵਜੇ ਸ਼ਾਮ ਨੂੰ ਲੋਕਾਂ ਨੂੰ ਪਤਾ ਲੱਗਾ ਕਿ ਦੋ ਵਿਅਕਤੀਆਂ ਨੂੰ ਮਾਰ ਦਿੱਤਾ ਗਿਆ ਹੈ। ਇਸ ਦੇ ਬਾਵਜੂਦ ਵੀ ਰਾਜਵਿੰਦਰ ਦੇ ਪਰਿਵਾਰ ਨੇ ਇਹ ਖਿਆਲ ਨਾ ਕੀਤਾ ਕਿ ਸ਼ਿਕਾਰ ਹੋਏ ਵਿਅਕਤੀਆਂ ਵਿਚੋਂ ਇਕ ਉਹ ਹੋ ਸਕਦਾ ਹੈ। ਰੇਡੀਓ ਦੀ ਇਕ ਖ਼ਬਰ ਵਿਚ ਐਲਾਨ ਕੀਤਾ ਗਿਆ ਕਿ ਦੋ ਮਾਰੇ ਗਏ ਹਨ ਅਤੇ ਇਕ ਬੱਚ ਕੇ

ਨਿਕਲ ਗਿਆ ਹੈ। ਰਾਜਵਿੰਦਰ ਦਾ ਭਰਾ ਉਸ ਜਗ੍ਹਾ ਤੇ ਗਿਆ ਅਤੇ ਕੇਵਲ ਉਦੋਂ ਉਸ ਨੂੰ ਪਤਾ ਲੱਗਾ ਕਿ ਗੋਲੀ ਦੇ ਸ਼ਿਕਾਰ ਰਾਜਵਿੰਦਰ ਅਤੇ ਗੁਰਤੇਜ ਸਨ। ਪੁਲਿਸ ਵਲੋਂ ਆਏ ਟੈਲੀਫੋਨ ਤੋਂ ਇਸ ਦੀ ਪੁਸ਼ਟੀ ਹੋਈ। ਪੁਲਿਸ ਦੀ ਕਹਾਣੀ ਇਸ ਤਰ੍ਹਾਂ ਸੀ ਕਿ ਪੁਲਿਸ ਨਾਲ ਮੁਠਭੇੜ ਵਿਚ ਦੋ ਅੱਤਵਾਦੀ ਮਾਰੇ ਗਏ ਹਨ ਪਰੰਤੂ ਉਨ੍ਹਾਂ ਦੀ ਪਹਿਚਾਣ ਨਹੀਂ ਹੋ ਸਕੀ। (ਰਾਜਵਿੰਦਰ ਹਮੇਸ਼ਾਂ ਆਪਣੇ ਨਾਲ ਆਪਣਾ ਸ਼ਨਾਖ਼ਤੀ ਕਾਰਡ ਅਤੇ ਡਰਾਈਵਿੰਗ ਲਸੰਸ ਲੈ ਜਾਂਦਾ ਸੀ; ਉਸ ਦੀ ਜੀਪ ਦੇ ਲਸੰਸ ਨੰਬਰ ਦਾ ਇਕ ਚੈੱਕ ਵੀ ਉਸ ਦੀ ਸ਼ਨਾਖ਼ਤ ਦਾ ਸਬੂਤ ਦੇ ਦਿੰਦਾ।)

ਐਮ ਏ ਐਸ ਆਰ ਅਤੇ ਪੀ ਐਚ ਆਰ ਓ ਦੀ ਸਾਂਝੀ ਜਾਂਚ ਤੋਂ ਪਤਾ ਲੱਗਾ : ਰਾਜਵਿੰਦਰ ਅਤੇ ਗੁਰਤੇਜ ਕੋਈ 5 ਵਜੇ ਸ਼ਾਮ ਨੂੰ ਗਿਰਫਤਾਰ ਕੀਤੇ ਗਏ ਸਨ, ਜਦੋਂ ਉਹ ਆਪਣੇ ਰਿਸ਼ਤੇਦਾਰਾਂ ਨੂੰ ਮਿਲ ਕੇ ਵਾਪਸ ਆ ਰਹੇ ਸਨ। ਥਾਣੇ ਵਿਚ ਉਨ੍ਹਾਂ ਦੀ ਪੁੱਛ-ਗਿੱਛ ਕੀਤੀ ਗਈ ਅਤੇ ਉਨ੍ਹਾਂ ਨੂੰ ਤੰਗ ਕੀਤਾ ਗਿਆ। ਨੇੜੇ ਵਸਦੇ ਲੋਕਾਂ ਨੇ ਗੋਲੀਆਂ ਦੀ ਆਵਾਜ਼ ਸੁਣੀ ਜਿਹੜੀਆਂ 1 ਵਜੇ ਰਾਤ ਤੋਂ ਲੈ ਕੇ 3 ਵਜੇ ਬਾਅਦ ਦੁਪਹਿਰ ਵਿਚਕਾਰ ਉਸ ਥਾਂ ਤੋਂ ਆ ਰਹੀਆਂ ਸਨ ਜਿਥੋਂ ਪਹਿਲਾਂ ਗੋਲੀ ਚਲਦੀ ਸੁਣੀ ਗਈ ਸੀ। ਸਵੇਰ ਨੂੰ ਉਨ੍ਹਾਂ ਲੋਕਾਂ ਨੂੰ ਜੀਪ ਵਿਚ ਬੈਠੇ ਦੋ ਵਿਅਕਤੀਆਂ ਦੀਆਂ ਲਾਸ਼ਾਂ ਦੀ ਪਹਿਚਾਣ ਕਰਨ ਲਈ ਬੁਲਾਇਆ ਗਿਆ ਸੀ। ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੇ ਚੇਹਰਿਆਂ ਤੇ ਜ਼ਖ਼ਮਾਂ ਦੇ ਏਨੇ ਨਿਸ਼ਾਨ ਸਨ ਕਿ ਉਹ ਪਹਿਚਾਣ ਨਹੀਂ ਸੀ ਹੁੰਦੇ ਅਤੇ ਪੱਗਾਂ ਸਿਰਾਂ ਤੇ ਨਹੀਂ ਸਨ ਪਰੰਤੂ ਉਹ ਉਨ੍ਹਾਂ ਨੂੰ ਪਹਿਚਾਣਦੇ ਨਹੀਂ ਸਨ। ਪੁਲਿਸ ਨੇ ਦੱਸਿਆ ਕਿ ਇਹ ਵਿਅਕਤੀ ਅੱਤਵਾਦੀ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਭੱਜ ਕੇ ਨਿਕਲਣ ਦੀ ਕੋਸ਼ਿਸ਼ ਕਰਦਿਆਂ ਗੋਲੀ ਚਲਾਈ ਤਾਂ ਇਹ ਮਾਰੇ ਗਏ; ਕੋਈ ਵੀ ਪੁਲਿਸ ਵਾਲਾ ਜ਼ਖ਼ਮੀ ਨਹੀਂ ਹੋਇਆ ਅਤੇ ਨਾ ਹੀ ਪੁਲਿਸ ਦੀ ਕਿਸੇ ਗੱਡੀ ਨੂੰ ਨੁਕਸਾਨ ਪੁੱਜਾ। 10 ਵਜੇ ਸਵੇਰ ਤਕ ਜੀਪ ਉਥੋਂ ਲੈ ਗਏ ਅਤੇ ਲਾਸ਼ਾਂ ਦਾ ਸਸਕਾਰ ਕਰ ਦਿੱਤਾ ਗਿਆ।

ਰਾਜਵਿੰਦਰ ਦੀ ਪਤਨੀ ਨੇ ਆਪਣੇ ਪਤੀ ਦੀਆਂ ਅਸਥੀਆਂ ਲਈ ਕਿਹਾ। ਜਦੋਂ ਪੁਲਿਸ ਨੇ ਇਸ ਤੋਂ ਨਾਂਹ ਕਰ ਦਿੱਤੀ ਤਾਂ ਪਾਤੜਾਂ ਦੇ ਵਸਨੀਕਾਂ ਨੇ, ਜਿੰਨਾਂ ਚਿਰ ਉਹ ਝੁਕੇ ਨਹੀਂ, ਕਈ ਦਿਨ ਆਵਾਜਾਈ ਰੋਕੀ ਰੱਖੀ।